**ਸੈਸ਼ਨ: 2025-26**
**ਜਮਾਤ: ਅੱਠਵੀਂ**
**ਵਿਸ਼ਾ: ਪੰਜਾਬੀ**

## ਪਾਠ-01 (ਜੈ ਭਾਰਤ ਮਾਤਾ)

➢ **ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ:**

1. **ਲਹੂਆਂ ਦੇ ਸੰਗ ਲਿਖੀ ਗਈ ਹੈ, ਅਣਖ ਤੇਰੀ ਦੀ ਲੰਮੀ ਗਾਥਾ।**
   **ਭਾਵ-ਅਰਥ :** ਭਾਰਤ ਮਾਤਾ ਦੀ ਅਣਖ ਅਤੇ ਅਜ਼ਾਦੀ ਦੀ ਰਾਖੀ ਖ਼ਾਤਰ ਦੇਸ-ਭਗਤਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦੀ ਕਹਾਣੀ ਬਹੁਤ ਲੰਮੀ ਹੈ।

2. **ਫਾਂਸੀ ਦੇ ਫੱਟਿਆਂ 'ਤੇ ਬੈਠੀ, ਤਵਾਰੀਖ਼ ਪਈ ਆਖੇ। ਜੈ ਭਾਰਤ, ਜੈ ਭਾਰਤ ਮਾਤਾ।**
   **ਭਾਵ-ਅਰਥ :** ਭਾਰਤ ਮਾਤਾ ਦੀ ਅਣਖ ਅਤੇ ਅਜ਼ਾਦੀ ਦੀ ਰਾਖੀ ਖ਼ਾਤਰ ਅਨੇਕਾਂ ਸੂਰਮੇ ਫਾਂਸੀ ਉੱਤੇ ਚੜ੍ਹ ਗਏ। ਅਜਿਹੇ ਸੂਰਮਿਆਂ ਦੀ ਮਾਂ ਭਾਰਤ ਮਾਤਾ ਦੀ ਅਸੀਂ ਜੈ-ਜੈਕਾਰ ਕਰਦੇ ਹਾਂ।

3. **'ਜਲ੍ਹਿਆਂ ਵਾਲ਼ੇ' ਬਾਗ਼ ਤੇਰੇ ਦੀ, ਅੱਜ ਵੀ ਅਮਰ ਕਹਾਣੀ,**
   **'ਕਾਮਾਗਾਟਾ ਮਾਰੂ' ਤੇਰੇ, ਅੱਗ ਲਾਈ ਵਿੱਚ ਪਾਣੀ।**
   ……………………………………………………………………………………
   ……………………………………………………………………………………
   ……………………………………………………………………………………

4. **'ਭਗਤ ਸਿੰਘ' ਜਿਹੇ ਪੁੱਤਰ ਤੇਰੇ, 'ਊਧਮ ਸਿੰਘ', 'ਸਰਾਭੇ',**
   **ਡੁੱਲ੍ਹੇ ਖ਼ੂਨ ਦਾ ਬਦਲਾ ਉਸ ਨੇ, ਤੋਲ ਲਿਆ ਵਿੱਚ ਛਾਬੇ।**
   ……………………………………………………………………………………
   ……………………………………………………………………………………
   ……………………………………………………………………………………

5. **'ਲਾਜਪਤ' ਜਿਹੇ ਬਣ ਗਏ ਤੇਰੀ, ਲਾਜ-ਪੱਤ ਦੇ ਰਾਖੇ,**
   **'ਸ਼ਿਵਾ' ਅਤੇ 'ਪ੍ਰਤਾਪ' ਤੇਰੇ ਨੇ, ਲਿਖੇ ਸ਼ਹੀਦੀ ਸਾਕੇ।**
   ……………………………………………………………………………………
   ……………………………………………………………………………………
   ……………………………………………………………………………………

## ਪਾਠ-2 (ਪੇਮੀ ਦੇ ਨਿਆਣੇ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ। ਮੈਂ ਸੱਤ ਕੁ ਵਰ੍ਹੇ ਦਾ ਸਾਂ ਤੇ ਮੇਰੀ ਵੱਡੀ ਭੈਣ ਗਿਆਰਾਂ ਵਰ੍ਹੇ ਦੀ। ਅਸਾਡਾ ਖੇਤ ਘਰੋਂ ਮੀਲ ਕੁ ਦੀ ਵਿੱਥ 'ਤੇ ਸੀ। ਅੱਧ-ਵਿਚਕਾਰੋਂ ਇੱਕ ਜਰਨੈਲੀ ਸੜਕ ਲੰਘਦੀ ਸੀ ਜਿਸ ਵਿੱਚੋਂ ਜਾਂਗਲ਼ੀਆਂ, ਪਠਾਣਾਂ, ਰਾਸ਼ਿਆਂ ਤੇ ਹੋਰ ਪਰਦੇਸੀਆਂ ਦਾ ਕਾਫ਼ੀ ਲਾਂਘਾ ਸੀ। ਅਸੀਂ ਸਭ ਅੰਞਾਣੇ ਜਿਨ੍ਹਾਂ ਨੂੰ ਰਾਸ਼ਿਆਂ ਤੋਂ ਘਰ ਬੈਠਿਆਂ ਵੀ ਡਰ ਆਉਂਦਾ ਸੀ ਇਸ ਸੜਕ ਵਿੱਚੋਂ ਦੀ ਕਿਸੇ ਸਿਆਣੇ ਦੇ ਸਾਥ ਤੋਂ ਬਗ਼ੈਰ ਲੰਘਣ ਤੋਂ ਬਹੁਤ ਭੈ ਖਾਂਦੇ ਸਾਂ ਪਰ ਟੰਟਾ ਇਹ ਸੀ ਕਿ ਬਾਪੂ ਅਤੇ ਕਾਮੇ ਦੀ ਰੋਟੀ ਫੜਾਉਣ ਜ਼ਰੂਰ ਜਾਣਾ ਪੈਂਦਾ ਸੀ। ਅਸਾਨੂੰ ਧਾਰਮਿਕ ਸਿੱਖਿਆ ਵੀ ਕੁਝ ਇਸ ਕਿਸਮ ਦੀ ਮਿਲ਼ ਰਹੀ ਸੀ ਕਿ ਅਜਿਹੇ ਡਰ ਸਾਡੇ ਸੁਭਾਵਾਂ ਦਾ ਹਿੱਸਾ ਬਣ ਗਏ ਸਨ। ਹਰ ਰੋਜ਼ ਸ਼ਾਮ ਨੂੰ ਅਸੀਂ ਘਰ ਸਿਆਣਿਆਂ

ਕੋਲੋਂ ਨਰਕ-ਸੁਰਗ ਦੀਆਂ ਕਹਾਣੀਆਂ ਸੁਣਦੇ। ਸੁਰਗ ਤਾਂ ਸਾਨੂੰ ਖੇਡ ਤੋਂ ਬਾਹਰ ਕਿਤੇ ਘੱਟ ਹੀ ਪ੍ਰਾਪਤ ਹੁੰਦਾ ਪਰ ਨਰਕ ਦੇ ਹਰ ਥਾਂ ਖੁੱਲ੍ਹੇ ਗੱਫੇ ਮਿਲ਼ਦੇ। ਸਭ ਤੋਂ ਵੱਡਾ ਨਰਕ ਮਦਰਸਾ ਸੀ ਤੇ ਜੇ ਉਸ ਤੋਂ ਕਿਸੇ ਦਿਨ ਛੁੱਟ ਜਾਂਦੇ ਤਾਂ ਖੇਤ ਰੋਟੀ ਦੇਣ ਜਾਣ ਦਾ ਨਰਕ ਪੇਸ਼ ਆ ਜਾਂਦਾ।

**1. ਲੇਖਕ ਕਿੰਨੇ ਕੁ ਵਰ੍ਹੇ ਪਹਿਲਾਂ ਦੀ ਗੱਲ ਕਰਦਾ ਹੈ?**
ੳ. ਸੱਤ ਕੁ ਵਰ੍ਹੇ | ਅ. ਵੀਹ ਕੁ ਵਰ੍ਹੇ
ੲ. ਗਿਆਰਾਂ ਕੁ ਵਰ੍ਹੇ | ਸ. ਤੀਹ ਕੁ ਵਰ੍ਹੇ।

**2. ਜਰਨੈਲੀ ਸੜਕ ਤੋਂ ਕਿਨ੍ਹਾਂ ਦਾ ਲਾਂਘਾ ਸੀ?**
ੳ. ਜਾਂਗਲ਼ੀਆਂ ਦਾ | ਅ. ਪਠਾਣਾਂ ਦਾ
ੲ. ਰਾਸ਼ਿਆਂ ਦਾ | ਸ. ਉਪਰੋਕਤ ਸਾਰਿਆਂ ਦਾ।

**3. ਵੀਹ ਕੁ ਵਰ੍ਹੇ ਪਹਿਲਾਂ ਲੇਖਕ ਦੀ ਉਮਰ ਕਿੰਨੀ ਕੁ ਸੀ?**
ੳ. ਸੱਤ ਕੁ ਵਰ੍ਹੇ | ਅ. ਗਿਆਰਾਂ ਕੁ ਵਰ੍ਹੇ
ੲ. ਵੀਹ ਕੁ ਵਰ੍ਹੇ | ਸ. ਦਸ ਕੁ ਵਰ੍ਹੇ।

**4. ਲੇਖਕ ਨੂੰ ਘਰੋਂ ਕਿਹੋ-ਜਿਹੀ ਸਿੱਖਿਆ ਮਿਲ਼ ਰਹੀ ਸੀ?**
ੳ. ਸਮਾਜਿਕ | ਅ. ਨੈਤਿਕ
ੲ. ਧਾਰਮਿਕ | ਸ. ਰਾਜਨੀਤਿਕ।

**5. ਲੇਖਕ ਕਿਸ ਕੰਮ ਨੂੰ ਨਰਕ ਦੇ ਬਰਾਬਰ ਸਮਝਦਾ ਸੀ?**
ੳ. ਖੇਡ ਨੂੰ | ਅ. ਮਦਰਸੇ ਨੂੰ
ੲ. ਖੇਤ ਰੋਟੀ ਦੇਣ ਜਾਣ ਨੂੰ | ਸ. ਅ ਅਤੇ ੲ ਦੋਵੇਂ ਸਹੀ।

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸਿਆਲ਼ ਦੇ ਦਿਨ ਸਨ। ਅਸੀਂ ਦੋਵੇਂ ਭੈਣ-ਭਰਾ ਦੁਪਹਿਰ ਦੀ ਰੋਟੀ ਲੈ ਕੇ ਖੇਤ ਨੂੰ ਚੱਲ ਪਏ। ਨਿੱਘੀ-ਨਿੱਘੀ ਧੁੱਪ ਪੈ ਰਹੀ ਸੀ ਤੇ ਅਸੀਂ ਟੁਰੇ ਜਾਂਦੇ ਵੀ ਜਾਣੋ ਸਿਆਲ਼ ਦੀ ਧੁੱਪ ਵਿੱਚ ਨਿੱਘ ਲੈ ਰਹੇ ਸਾਂ ਪਰ ਦਿਲ ਵਿੱਚ ਸੜਕ ਲੰਘਣ ਦਾ ਡਰ ਚੂਹੇ ਵਾਂਗ ਕੁਤਰ ਰਿਹਾ ਸੀ। ਅਸੀਂ ਡਰ ਨੂੰ ਦਬਾਉਣ ਦਾ ਇੱਕ ਆਮ ਤਰੀਕਾ ਵਰਤਣਾ ਚਾਹਿਆ। ਭੈਣ ਮੈਨੂੰ ਇੱਕ ਕਹਾਣੀ ਸੁਣਾਉਣ ਲੱਗ ਪਈ : "ਇੱਕ ਸੀ ਰਾਜਾ। ਉਹਦੀ ਰਾਣੀ ਮਰ ਗਈ। ਮਰਨ ਲੱਗੀ ਰਾਣੀ ਨੇ ਰਾਜੇ ਨੂੰ ਕਿਹਾ, "ਤੂੰ ਮੈਨੂੰ ਇੱਕ 'ਕਰਾਰ ਦੇਹ।" ਰਾਜੇ ਨੇ ਪੁੱਛਿਆ, "ਕੀ?" ਮੈਂ ਕਹਾਣੀ ਵੱਲੋਂ ਧਿਆਨ ਮੋੜ ਕੇ ਪਿਛਾਂਹ ਪਿੰਡ ਵੱਲ ਨੂੰ ਦੇਖਿਆ ਕਿ ਕਿਤੇ ਕੋਈ ਆਦਮੀ ਅਸਾਡੇ ਰਾਹ ਜਾਣ ਵਾਲ਼ਾ ਆ ਰਿਹਾ ਹੋਵੇ।"ਤੂੰ ਸੁਣਦਾ ਨੀ, ਬੀਰ!" ਭੈਣ ਨੇ ਮੋਢੇ ਨੂੰ ਹਲੂਣ ਕੇ ਆਖਿਆ। "ਨਹੀਂ, ਮੈਂ ਸੁਣਦਾਂ।" ਮੈਂ ਭਰਾਵਾਂ ਵਾਲ਼ੀ ਗੁਸਤਾਖ਼ੀ ਨਾਲ਼ ਜਵਾਬ ਦਿੱਤਾ। "ਅੱਛਾ, ਜਦ ਉਹ ਰਾਣੀ ਮਰਨ ਲੱਗੀ ਤਾਂ ਉਸ ਨੇ ਰਾਜੇ ਨੂੰ ਸੱਦ ਕੇ ਕਿਹਾ, "ਤੂੰ ਮੇਰੇ ਨਾਲ਼ 'ਕਰਾਰ ਕਰ।" ਰਾਜੇ ਨੇ ਪੁੱਛਿਆ, "ਕੀ?" ਰਾਣੀ ਨੇ ਕਿਹਾ, "ਤੂੰ ਹੋਰ ਵਿਆਹ ਨਾ ਕਰਾਈਂ। ਸੱਚ, ਮੈਂ ਦੱਸਣਾ ਭੁੱਲ ਗਈ, ਰਾਣੀ ਦੇ ਦੋ ਪੁੱਤ ਤੇ ਇੱਕ ਧੀ ਸੀਗੇ।"

**6. ਖੇਤ ਜਾਣ ਸਮੇਂ ਕਿਹੜਾ ਮੌਸਮ ਸੀ?**
ੳ. ਸਿਆਲ਼ ਦਾ | ਅ. ਗਰਮੀ ਦਾ
ੲ. ਪਤਝੜ ਦਾ | ਸ. ਬਰਸਾਤ ਦਾ।

**7. ਰੋਟੀ ਲੈ ਕੇ ਕੌਣ ਤੁਰ ਪਿਆ?**
ੳ. ਲੇਖਕ | ਅ. ਲੇਖਕ ਦੀ ਭੈਣ
ੲ. ੳ ਅਤੇ ਅ ਦੋਵੇਂ | ਸ. ਲੇਖਕ ਦਾ ਬਾਪੂ।

**8. ਭੈਣ-ਭਰਾ ਨੇ ਡਰ ਨੂੰ ਦਬਾਉਣ ਦਾ ਕਿਹੜਾ ਤਰੀਕਾ ਅਪਣਾਇਆ?**
ੳ. ਕਹਾਣੀ ਸੁਣਾਉਣ ਦਾ | ਅ. ਧੁੱਪ ਵਿੱਚ ਨੀਂਦ ਦਾ ਨਿੱਘ ਲੈਣ ਦਾ
ੲ. ਖੇਡ ਖੇਡਣ ਦਾ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

**9. ਮਰ ਕੌਣ ਰਿਹਾ ਸੀ?**
ੳ. ਰਾਜਾ | ਅ. ਰਾਣੀ

ੲ. ਰਾਜੇ ਦਾ ਪੁੱਤਰ
ਸ. ਰਾਜੇ ਦੀ ਧੀ।

**10. ਰਾਣੀ ਨੇ ਰਾਜੇ ਕੋਲੋਂ ਕੀ ਮੰਗਿਆ?**

ੳ. 'ਕਰਾਰ
ਅ. ਸੋਨਾ
ੲ. ਚਾਂਦੀ
ਸ. ਰੁਪਏ।

## ਪਾਠ-3 (ਛਿੰਝ ਛਰਾਹਾਂ ਦੀ)

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਬੜੇ ਸ਼ੁਕੀਨ ਰਹੇ ਹਨ। ਜਰਗ ਦਾ ਮੇਲਾ, ਛਪਾਰ ਦਾ ਮੇਲਾ ਅਤੇ ਜਗਰਾਵਾਂ ਦੀ ਰੋਸ਼ਨੀ ਵਰਗੇ ਵੱਡੇ ਮੇਲੇ ਪੰਜਾਬੀਆਂ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਰਹੇ ਹਨ। ਇਹ ਮੇਲੇ ਪੰਜਾਬ ਦੇ ਘੁੱਗ ਵਸਦੇ ਇਲਾਕਿਆਂ ਵਿੱਚ ਲੱਗਦੇ ਹਨ। ਸਦੀਆਂ ਪੁਰਾਣਾ ਮੇਲਾ 'ਛਿੰਝ ਛਰਾਹਾਂ ਦੀ' ਭਾਵੇਂ ਇਸੇ ਪੱਧਰ ਦਾ ਹੈ ਪਰੰਤੂ ਪੰਜਾਬ ਦੇ ਪਛੜੇ ਨੀਮ-ਪਹਾੜੀ ਇਲਾਕੇ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੀ ਵੱਖੀ ਨਾਲ਼ ਲੱਗਦਾ ਹੋਣ ਕਰਕੇ, ਇਸ ਮੇਲੇ ਦਾ ਓਨਾ ਪ੍ਰਚਾਰ ਅਤੇ ਪ੍ਰਸਾਰ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਇਹ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ, ਸ਼ਿਵਾਲਿਕ ਪਹਾੜੀਆਂ ਦੀ ਗੋਦ 'ਚ ਵੱਸੇ 'ਬੀਤ' ਇਲਾਕੇ ਦੇ ਪਿੰਡ ਅਚਲਪੁਰ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਤੋਂ ਲੈ ਕੇ ਲਗਾਤਾਰ ਚਾਰ ਦਿਨ ਚੱਲਦਾ ਹੈ।

**1. ਕੌਣ ਸ਼ੁਰੂ ਤੋਂ ਮੇਲਿਆਂ ਦੇ ਸ਼ੁਕੀਨ ਰਹੇ ਹਨ?**

ੳ. ਪੰਜਾਬੀ
ਅ. ਜਰਗ ਦੇ ਲੋਕ
ੲ. ਛਪਾਰ ਦੇ ਲੋਕ
ਸ. ਛਰਾਹਾਂ ਦੇ ਲੋਕ।

**2. 'ਛਰਾਹਾਂ ਦਾ ਮੇਲਾ' ਕਿਸ ਜ਼ਿਲ੍ਹੇ ਵਿੱਚ ਲੱਗਦਾ ਹੈ?**

ੳ. ਊਨਾ
ਅ. ਹੁਸ਼ਿਆਰਪੁਰ
ੲ. ਜਲੰਧਰ
ਸ. ਕਪੂਰਥਲਾ।

**3. 'ਛਰਾਹਾਂ ਦੀ ਛਿੰਝ' ਕਿਹੜੇ ਦੇਸੀ ਮਹੀਨੇ ਲੱਗਦੀ ਹੈ?**

ੳ. ਜੇਠ
ਅ. ਮੱਘਰ
ੲ. ਪੋਹ
ਸ. ਫੱਗਣ।

**4. 'ਊਨਾ' ਕਿਸ ਪ੍ਰਦੇਸ਼ ਦਾ ਇੱਕ ਜ਼ਿਲ੍ਹਾ ਹੈ?**

ੳ. ਪੰਜਾਬ ਦਾ
ਅ. ਹਰਿਆਣਾ ਦਾ
ੲ. ਹਿਮਾਚਲ ਪ੍ਰਦੇਸ਼ ਦਾ
ਸ. ਉੱਤਰ ਪ੍ਰਦੇਸ਼ ਦਾ।

**5. ਕਿਹੜਾ ਮੇਲਾ ਪੰਜਾਬੀਆਂ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ?**

ੳ. ਜਰਗ ਦਾ
ਅ. ਛਪਾਰ ਦਾ
ੲ. ਜਗਰਾਵਾਂ ਦਾ
ਸ. ਉਪਰੋਕਤ ਸਾਰੇ।

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਮੇਲੇ ਤੋਂ ਕਈ-ਕਈ ਦਿਨ ਪਹਿਲਾਂ ਬੀਤ ਦੇ ਪਿੰਡਾਂ ਵਿੱਚ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਸਨ। ਕੱਚੇ ਘਰਾਂ ਨੂੰ ਲਿੱਪਿਆ-ਪੋਚਿਆ ਜਾਂਦਾ ਸੀ। ਬੜੇ ਉਤਸ਼ਾਹ ਨਾਲ਼ ਬੈਠਕਾਂ ਨੂੰ ਸ਼ਿੰਗਾਰਿਆ ਜਾਂਦਾ ਸੀ। ਮੇਲੇ ਤੋਂ ਪਹਿਲਾਂ ਹੀ ਪਰਾਹੁਣਿਆਂ ਦੀ ਆਮਦ ਸ਼ੁਰੂ ਹੋ ਜਾਂਦੀ ਸੀ। ਮੇਲੇ ਵਿੱਚ ਦੁਕਾਨਾਂ ਲਾਉਣ ਲਈ ਮਹੀਨਾ ਪਹਿਲਾਂ ਥਾਂਵਾਂ ਮੱਲ ਲਈਆਂ ਜਾਂਦੀਆਂ ਹਨ। ਅਸਮਾਨ ਛੂੰਹਦੇ ਚੰਡੋਲ ਕਈ ਦਿਨ ਪਹਿਲਾਂ ਮੇਲੇ ਦਾ ਸ਼ਿੰਗਾਰ ਬਣ ਜਾਂਦੇ ਹਨ। ਮੇਲੇ ਦੇ ਦਿਨਾਂ ਵਿੱਚ ਏਨੀ ਭੀੜ ਹੁੰਦੀ ਹੈ ਕਿ ਮੋਟਰ-ਗੱਡੀਆਂ ਦਾ ਸੜਕ ਤੋਂ ਗੁਜ਼ਰਨਾ ਮੁਹਾਲ ਹੋ ਜਾਂਦਾ ਹੈ। ਮਨਿਆਰੀ ਅਤੇ ਹੋਰ ਨਿਕ-ਸੁਕ ਦੀਆਂ ਦੁਕਾਨਾਂ 'ਤੇ ਔਰਤਾਂ ਅਤੇ ਮੁਟਿਆਰਾਂ ਦੀ ਭੀੜ ਹੁੰਦੀ ਹੈ। ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ। ਜੇਕਰ ਡੇਢ ਕੁ ਦਹਾਕਾ ਪਹਿਲਾਂ ਇਲਾਕੇ ਦੀ ਸ੍ਵੈ-ਸੇਵੀ ਜੱਥੇਬੰਦੀ "ਬੀਤ ਭਲਾਈ ਕਮੇਟੀ" ਮੇਲੇ ਵਿੱਚ ਤਿੰਨ-ਰੋਜ਼ਾ ਖੇਡ ਅਤੇ ਸੱਭਿਆਚਾਰਿਕ ਮੇਲਾ ਸ਼ੁਰੂ ਨਾ ਕਰਵਾਉਂਦੀ ਤਾਂ ਇਹ ਮੇਲਾ ਮਹਿਜ਼ ਜੂਏ ਅਤੇ ਲੱਚਰਤਾ ਦਾ ਮੇਲਾ ਹੀ ਬਣ ਕੇ ਰਹਿ ਜਾਣਾ ਸੀ। ਅਜਿਹਾ ਹੋਣ ਨਾਲ਼ ਮੇਲੇ ਦੀਆਂ ਰੌਣਕਾਂ ਬਰਕਰਾਰ ਹੀ ਨਹੀਂ ਰਹੀਆਂ ਸਗੋਂ ਦੂਣ-ਸਵਾਈਆਂ ਹੋਈਆਂ ਹਨ। ਜਿੱਥੇ ਇਹ ਮੇਲਾ

ਆਪਸੀ ਰਿਸ਼ਤਿਆਂ ਵਿੱਚ ਨਿੱਘ ਵਧਾਉਂਦਾ ਹੈ ਉੱਥੇ ਬੀਤ ਇਲਾਕੇ ਦੇ ਸੱਭਿਆਚਾਰ ਦੀ ਜਿਉਂਦੀ-ਜਾਗਦੀ ਤਸਵੀਰ ਵੀ ਹੈ।

**6. ਮੇਲੇ ਦੀਆਂ ਤਿਆਰੀਆਂ ਕਿੰਨੇ ਦਿਨ ਪਹਿਲਾਂ ਸ਼ੁਰੂ ਹੋ ਜਾਂਦੀਆਂ ਹਨ?**
ੳ. ਤੀਹ ਕੁ ਦਿਨ
ਅ. ਵੀਹ ਕੁ ਦਿਨ
ੲ. ਕਈ-ਕਈ ਦਿਨ
ਸ. ਛੇ ਕੁ ਦਿਨ।

**7. ਮੇਲੇ ਦੀਆਂ ਤਿਆਰੀਆਂ ਕਿਵੇਂ ਹੁੰਦੀਆਂ?**
ੳ. ਘਰਾਂ ਨੂੰ ਲਿੱਪਿਆ-ਪੋਚਿਆ ਜਾਂਦਾ
ਅ. ਬੈਠਕਾਂ ਨੂੰ ਸ਼ਿੰਗਾਰਿਆ ਜਾਂਦਾ
ੲ. ਪਰਾਹੁਣਿਆਂ ਦੀ ਆਮਦ ਸ਼ੁਰੂ ਹੋ ਜਾਂਦੀ
ਸ. ਉਪਰੋਕਤ ਸਾਰੇ।

**8. ਮੇਲੇ ਵਿੱਚ ਔਰਤਾਂ ਦੀ ਜ਼ਿਆਦਾ ਭੀੜ ਕਿੱਥੇ ਹੁੰਦੀ ਹੈ?**
ੳ. ਚੰਡੋਲ ਲਾਗੇ
ਅ. ਸੜਕਾਂ 'ਤੇ
ੲ. ਮੁਨਿਆਰੀ ਦੀਆਂ ਦੁਕਾਨਾਂ 'ਤੇ
ਸ. ਮਿਠਿਆਈਆਂ ਦੀਆਂ ਦੁਕਾਨਾਂ 'ਤੇ।

**9. ਇਸ ਮੇਲੇ ਵਿੱਚ ਕਿੰਨੇ ਰੋਜ਼ਾ ਖੇਡ ਮੇਲਾ ਕਰਵਾਇਆ ਜਾਂਦਾ ਹੈ?**
ੳ. ਦੋ-ਰੋਜ਼ਾ
ਅ. ਤਿੰਨ-ਰੋਜ਼ਾ
ੲ. ਚਾਰ-ਰੋਜ਼ਾ
ਸ. ਛੇ-ਰੋਜ਼ਾ।

**10. ਇਹ ਮੇਲਾ ਕਿਸ ਦੀ ਜਿਉਂਦੀ-ਜਾਗਦੀ ਤਸਵੀਰ ਹੈ?**
ੳ. ਖੇਡਾਂ ਦੀ
ਅ. ਸੱਭਿਆਚਾਰ ਦੀ
ੲ. ਧਰਮ ਦੀ
ਸ. ਬੀਤ ਭਲਾਈ ਕਮੇਟੀ ਦੀ।

## ਪਾਠ-4 (ਸ੍ਰੀ ਗੁਰੂ ਅਰਜਨ ਦੇਵ ਜੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਆਪ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਵਿਖੇ 15 ਅਪਰੈਲ, 1563 ਈਸਵੀ ਨੂੰ ਹੋਇਆ। ਮੁਢਲੀ ਵਿੱਦਿਆ ਬਾਬਾ ਬੁੱਢਾ ਜੀ ਤੋਂ ਗ੍ਰਹਿਣ ਕੀਤੀ। ਗੁਰੂ ਰਾਮਦਾਸ ਜੀ ਦੇ ਦੋ ਹੋਰ ਪੁੱਤਰ ਪ੍ਰਿਥੀ ਚੰਦ ਤੇ ਮਹਾਂਦੇਵ ਜੀ ਸਨ। ਪ੍ਰਿਥੀ ਚੰਦ ਮਾਇਆ ਧਾਰੀ ਸੀ ਤੇ ਮਹਾਂਦੇਵ ਜੀ ਉਪਰਾਮ ਸੁਭਾਅ ਦੇ ਸਨ। ਗੁਰੂ ਰਾਮਦਾਸ ਜੀ ਨੇ ਅਰਜਨ ਦੇਵ ਜੀ ਦੀ ਯੋਗਤਾ ਤੇ ਜੀਵਨ-ਉੱਚਤਾ ਨੂੰ ਦੇਖ ਕੇ ਸਤੰਬਰ, 1581 ਈਸਵੀ ਨੂੰ ਗੁਰਿਆਈ ਦੀ ਗੱਦੀ ਸੌਂਪ ਦਿੱਤੀ। ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ 'ਤੇ ਬੈਠਣ ਉਪਰੰਤ ਬਹੁਤ ਸਾਰੀ ਰਚਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁੱਲ 5894 ਸ਼ਬਦਾਂ ਵਿੱਚੋਂ 2218 ਸ਼ਬਦ ਆਪ ਜੀ ਦੀ ਹੀ ਰਚਨਾ ਹਨ। 'ਸੁਖਮਨੀ ਸਾਹਿਬ' ਆਪ ਜੀ ਦੀ ਸ਼ਾਹਕਾਰ ਰਚਨਾ ਹੈ। ਆਪ ਸੰਗੀਤ ਤੇ ਰਾਗਾਂ ਦੀ ਪੂਰੀ ਮੁਹਾਰਤ ਰੱਖਦੇ ਸਨ। ਸਰੰਦਾ ਉਹਨਾਂ ਦਾ ਮਨਪਸੰਦ ਸਾਜ਼ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਗੁਰੂ ਅਰਜਨ ਦੇਵ ਜੀ ਦਾ ਵਡਮੁੱਲਾ ਕਾਰਜ ਹੈ। ਲਿਖਾਈ ਦਾ ਕੰਮ ਭਾਈ ਗੁਰਦਾਸ ਜੀ ਤੋਂ ਕਰਵਾਇਆ ਗਿਆ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ 1604 ਈਸਵੀ ਵਿੱਚ ਸੰਪੂਰਨ ਹੋਇਆ।

**1. ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਕਿਨ੍ਹਵੇਂ ਗੁਰੂ ਹਨ?**
ੳ. ਪਹਿਲੇ
ਅ. ਤੀਜੇ
ੲ. ਪੰਜਵੇਂ
ਸ. ਦਸਵੇਂ।

**2. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ?**
ੳ. 15 ਅਪਰੈਲ, 1604 ਈ.
ਅ. 15 ਅਪਰੈਲ, 1560 ਈ.
ੲ. 14 ਅਪਰੈਲ, 1565 ਈ.
ਸ. 15 ਅਪਰੈਲ, 1563 ਈ.।

**3. ਸ੍ਰੀ ਗੁਰੂ ਰਾਮਦਾਸ ਜੀ ਦੇ ਕਿੰਨੇ ਪੁੱਤਰ ਸਨ?**
ੳ. ਦੋ
ਅ. ਤਿੰਨ
ੲ. ਪੰਜ
ਸ. ਚਾਰ।

**4. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ?**
ੳ. ਜਪੁਜੀ ਸਾਹਿਬ　　ਅ. ਸੁਖਮਨੀ ਸਾਹਿਬ
ੲ. ਜਾਪੁ ਸਾਹਿਬ　　ਸ. ਚੌਪਈ ਸਾਹਿਬ।

**5. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਲਿਖਣ ਦਾ ਕੰਮ ਕਿਸ ਕੋਲ਼ੋਂ ਕਰਵਾਇਆ?**
ੳ. ਭਾਈ ਗੁਰਦਾਸ ਜੀ ਕੋਲ਼ੋਂ　　ਅ. ਸ੍ਰੀ ਗੁਰੂ ਰਾਮਦਾਸ ਜੀ ਕੋਲ਼ੋਂ
ੲ. ਪ੍ਰਿਥੀ ਚੰਦ ਜੀ ਕੋਲ਼ੋਂ　　ਸ. ਮਹਾਂਦੇਵ ਜੀ ਕੋਲ਼ੋਂ।

> **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਆਪ ਨੇ 1588 ਈਸਵੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਸਾਂਈਂ ਮੀਆਂ ਮੀਰ ਤੋਂ ਰਖਵਾਈ। ਲੋਕਾਂ ਲਈ ਸਾਂਝਾ ਧਰਮ-ਅਸਥਾਨ ਤੇ ਇਸ਼ਨਾਨ ਕਰਨ ਲਈ ਤਲਾਅ (ਸਰੋਵਰ) ਬਣਵਾਇਆ। ਅੰਮ੍ਰਿਤਸਰ ਵਿੱਚ ਹੀ ਸੰਤੋਖਸਰ ਤੇ ਰਾਮਸਰ ਦੋ ਹੋਰ ਸਰੋਵਰ ਬਣਵਾਏ। ਆਪ ਨੇ ਲੋਕ-ਭਲਾਈ ਦੇ ਹੋਰ ਵੀ ਬਹੁਤ ਸਾਰੇ ਕੰਮ ਕੀਤੇ। ਸਿੱਖੀ ਦੇ ਪ੍ਰਚਾਰ ਲਈ ਧਰਮ-ਅਸਥਾਨ ਉਸਾਰੇ। ਲਾਹੌਰ ਵਿੱਚ ਬਾਉਲ਼ੀ ਬਣਵਾਈ। ਤਰਨਤਾਰਨ ਵਿੱਚ ਯਤੀਮਾਂ ਤੇ ਕੋੜ੍ਹੀਆਂ ਲਈ ਹਸਪਤਾਲ ਖੋਲ੍ਹਿਆ। ਦਸਵੰਧ ਦੀ ਪ੍ਰਥਾ ਵੀ ਅਰੰਭ ਕੀਤੀ। ਇਸ ਤੋਂ ਇਲਾਵਾ ਕਾਬਲ, ਕੰਧਾਰ ਤੇ ਢਾਕੇ ਤੱਕ ਵਪਾਰ ਦਾ ਕੰਮ ਵੀ ਸ਼ੁਰੂ ਕੀਤਾ। ਗੁਰੂ ਅਰਜਨ ਦੇਵ ਜੀ ਜਿੱਥੇ ਗੁਰਬਾਣੀ ਤੇ ਸ਼ਾਂਤੀ ਦੇ ਪੁੰਜ ਸਨ, ਉੱਥੇ ਦੇਸ, ਧਰਮ ਲਈ ਕੁਰਬਾਨੀ ਦੇਣ ਤੋਂ ਵੀ ਨਹੀਂ ਝਿਜਕੇ। ਮੁਗ਼ਲ ਹਕੂਮਤ ਨੇ ਆਪ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ। ਆਪ ਨੂੰ ਤੱਤੀ ਤਵੀ 'ਤੇ ਬਿਠਾਇਆ ਗਿਆ ਤੇ ਸੀਸ ਉੱਤੇ ਗਰਮ-ਗਰਮ ਰੇਤ ਪਾਈ ਗਈ ਪਰ ਆਪ ਪ੍ਰਭੂ-ਭਾਣੇ ਨੂੰ ਅਡੋਲ ਰਹਿ ਕੇ ਮੰਨਦੇ ਰਹੇ। ਸਿੱਖ ਧਰਮ ਵਿੱਚ ਪਹਿਲੀ ਸ਼ਹੀਦੀ ਗੁਰੂ ਅਰਜਨ ਦੇਵ ਜੀ ਦੀ ਹੋਈ। ਇਸੇ ਲਈ ਆਪ ਨੂੰ ਸ਼ਹੀਦਾਂ ਦੇ ਸਰਤਾਜ, ਕੁਰਬਾਨੀ ਦੇ ਬਾਨੀ ਤੇ ਸ਼ਾਂਤੀ ਦੇ ਪੁੰਜ ਕਿਹਾ ਜਾਂਦਾ ਹੈ। ਆਪ ਦੀ ਸ਼ਹਾਦਤ ਪਿੱਛੋਂ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ ਸੰਭਾਲ਼ੀ।

**6. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਰਖਵਾਈ ਗਈ?**
ੳ. ਸ੍ਰੀ ਗੁਰੂ ਅਰਜਨ ਦੇਵ ਜੀ　　ਅ. ਸ੍ਰੀ ਗੁਰੂ ਰਾਮਦਾਸ ਜੀ
ੲ. ਸਾਂਈਂ ਮੀਆਂ ਮੀਰ ਜੀ　　ਸ. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।

**7. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿੱਚ ਹੋਰ ਕਿੰਨੇ ਸਰੋਵਰ ਬਣਵਾਏ?**
ੳ. ਦੋ　　ਅ. ਤਿੰਨ
ੲ. ਇੱਕ　　ਸ. ਚਾਰ।

**8. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿੱਚ ਕੀ ਬਣਵਾਇਆ?**
ੳ. ਬਾਉਲ਼ੀ　　ਅ. ਸਰੋਵਰ
ੲ. ਹਸਪਤਾਲ　　ਸ. ਧਰਮ-ਅਸਥਾਨ।

**9. 'ਸ਼ਾਂਤੀ ਦੇ ਪੁੰਜ' ਕਿਸ ਗੁਰੂ ਸਾਹਿਬਾਨ ਨੂੰ ਕਿਹਾ ਜਾਂਦਾ ਹੈ?**
ੳ. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ　　ਅ. ਸ੍ਰੀ ਗੁਰੂ ਅਰਜਨ ਦੇਵ ਜੀ
ੲ. ਸ੍ਰੀ ਗੁਰੂ ਰਾਮਦਾਸ ਜੀ　　ਸ. ਬਾਬਾ ਬੁੱਢਾ ਜੀ।

**10. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ ਕਿਸ ਨੇ ਗੁਰਗੱਦੀ ਸੰਭਾਲ਼ੀ?**
ੳ. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ　　ਅ. ਬਾਬਾ ਬੁੱਢਾ ਜੀ
ੲ. ਸਾਂਈਂ ਮੀਆਂ ਮੀਰ ਜੀ　　ਸ. ਸ੍ਰੀ ਗੁਰੂ ਰਾਮਦਾਸ ਜੀ।

## ਪਾਠ-5 (ਉੱਦਮ ਕਰੀਂ ਜ਼ਰੂਰ)

> **ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :**

**1. ਜੇ ਕਿਧਰੇ ਹਾਰਾਂ ਲੱਕ ਤੋੜਨ, ਮਨ ਹੋ ਜਾਏ ਨਿਰਾਸ।**
**ਜ਼ਿੰਦਗੀ ਜਾਣੀ ਘੋਲ਼ ਲੰਮੇਰਾ, ਜਿੱਤ ਵਿੱਚ ਰੱਖ ਵਿਸ਼ਵਾਸ।**

**ਭਾਵ-ਅਰਥ :** ਮਨੁੱਖ ਨੂੰ ਹਾਰਾਂ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ, ਸਗੋਂ ਜ਼ਿੰਦਗੀ ਨੂੰ ਇੱਕ ਲੰਮਾ ਸੰਘਰਸ਼ ਮੰਨਦਿਆਂ ਹੋਇਆ ਜਿੱਤ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ।

2. **ਸਿਦਕ, ਲਗਨ ਦੇ ਤਕੜੇ ਖੰਭੀਂ, ਉੱਡਣਾ ਉੱਚ-ਅਸਮਾਨੀਂ।**
   **ਥਲ, ਸਾਗਰ ਵੀ ਰੋਕ ਸਕਣ ਨਾ, ਤੇਰੀ ਸਹਿਜ ਰਵਾਨੀ।**
   **ਭਾਵ-ਅਰਥ :** ਮਨੁੱਖ ਨੂੰ ਚਾਹੀਦਾ ਹੈ ਕਿ ਵਿਸ਼ਵਾਸ ਤੇ ਲਗਨ ਨਾਲ਼ ਆਪਣੇ ਉੱਚੇ ਨਿਸ਼ਾਨੇ ਵੱਲ ਇੰਨੀ ਨਿਰੰਤਰ ਚਾਲ ਨਾਲ਼ ਵਧੇ ਕੇ ਕੋਈ ਰੁਕਾਵਟ ਵੀ ਉਸ ਨੂੰ ਰੋਕ ਨਾ ਸਕੇ।
3. **ਜੇ ਚਾਹੇ ਪੁੱਜਣਾ ਮੰਜ਼ਲ 'ਤੇ, ਵਗੀਂ ਜਿਵੇਂ ਦਰਿਆ।**
   **ਤੋਰ-ਨਿਰੰਤਰ ਨਾਂ ਜ਼ਿੰਦਗੀ ਦਾ, ਮੌਤ, ਕਦਮ ਰੁਕਿਆਂ।**

   ..........................................................................................................
   ..........................................................................................................
   ..........................................................................................................

4. **ਤੇਰੇ ਮਨ ਵਿੱਚ ਰੋਸ਼ਨ ਸੂਰਜ, ਚੰਦਰਮਾ ਤੇ ਤਾਰੇ।**
   **ਕਦਮਾਂ ਦੇ ਵਿੱਚ ਮੰਜ਼ਲਾਂ ਤੇਰੇ, ਸਮਝ ਲਵੇਂ ਜੇ ਪਿਆਰੇ।**

   ..........................................................................................................
   ..........................................................................................................
   ..........................................................................................................

5. **ਜੇ ਕਿਧਰੇ ਮਨ ਦੇ ਅੰਬਰ 'ਤੇ, ਛਾਏ ਘੋਰ ਉਦਾਸੀ।**
   **ਮਨ ਦਾ ਮਾਲਕ ਬਣਨ ਨਾ ਦੇਵੀਂ, ਇਹ ਤਾਂ ਤੇਰੀ ਦਾਸੀ।**

   ..........................................................................................................
   ..........................................................................................................
   ..........................................................................................................

## ਪਾਠ-6 (ਦਲੇਰੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਬਲਜੀਤ ਬੜੀ ਸਿਆਣੀ ਕੁੜੀ ਸੀ। ਉਹ ਦਸਵੀਂ ਸ਼੍ਰੇਣੀ ਵਿੱਚ ਪੜ੍ਹਦੀ ਸੀ। ਉਸ ਦਾ ਭਰਾ ਏਕਮ ਬਾਰ੍ਹਵੀਂ 'ਚ ਪੜ੍ਹਦਾ ਸੀ। ਬਲਜੀਤ ਨੂੰ ਤੈਰਾਕੀ ਦਾ ਸ਼ੌਕ ਸੀ ਤੇ ਏਕਮ ਨੂੰ ਫ਼ੁਟਬਾਲ ਖੇਡਣ ਦਾ। ਉਹਨਾਂ ਦਾ ਘਰ ਖੇਡ-ਸਟੇਡੀਅਮ ਪਟਿਆਲ਼ਾ ਦੇ ਨੇੜੇ ਹੀ ਸੀ। ਪਟਿਆਲ਼ੇ ਹਰ ਸਾਲ ਸਕੂਲਾਂ ਦੇ ਵਿਦਿਆਰਥੀਆਂ ਦੇ ਤੈਰਾਕੀ ਦੇ ਮੁਕਾਬਲੇ ਹੁੰਦੇ ਸਨ। ਇਹਨਾਂ ਮੁਕਾਬਲਿਆਂ ਵਿੱਚ ਬਲਜੀਤ ਕਦੇ ਪਹਿਲੇ ਨੰਬਰ 'ਤੇ ਆਉਂਦੀ ਤੇ ਕਦੇ ਦੂਜੇ ਨੰਬਰ 'ਤੇ। ਉਸ ਦਾ ਪੜ੍ਹਨ ਵਾਲ਼ਾ ਕਮਰਾ ਮੈਡਲਾਂ ਅਤੇ ਸ਼ੀਲਡਾਂ ਨਾਲ਼ ਭਰਿਆ ਪਿਆ ਸੀ। ਏਕਮ ਦਾ ਵੀ ਜੀਅ ਕਰਦਾ ਕਿ ਉਹ ਵੀ ਖੇਡਾਂ ਵਿੱਚ ਇਨਾਮ ਪ੍ਰਾਪਤ ਕਰੇ। ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ ਸਨ। ਫ਼ੈਸਲਾ ਕੀਤਾ ਗਿਆ ਕਿ ਇਸ ਵਾਰ ਵਿਦਿਆਰਥੀਆਂ ਦਾ ਟੂਰ ਚੰਡੀਗੜ੍ਹ ਲਿਜਾਇਆ ਜਾਵੇ। ਅਧਿਆਪਕਾਂ ਵਿੱਚੋਂ ਇਸ ਟੂਰ ਨਾਲ਼ ਵੀਨਾ ਭੈਣ ਜੀ ਅਤੇ ਸ੍ਰੀ ਮਦਨ ਲਾਲ ਜੀ ਨੇ ਜਾਣਾ ਸੀ। ਸਭ ਤੋਂ ਪਹਿਲਾਂ 'ਛੱਤਬੀੜ ਚਿੜੀਆ-ਘਰ' ਦੇਖਣ ਦਾ ਪ੍ਰੋਗ੍ਰਾਮ ਬਣਾਇਆ ਗਿਆ ਸੀ। ਚਿੜੀਆ-ਘਰ ਕਾਫ਼ੀ ਵੱਡਾ ਸੀ। ਉਸ ਨੂੰ ਵੇਖਦਿਆਂ-ਵੇਖਦਿਆਂ ਦੋ-ਢਾਈ ਘੰਟੇ ਲੱਗ ਗਏ। ਕਈ ਜਾਨਵਰ ਤੇ ਪੰਛੀ ਵਿਦਿਆਰਥੀਆਂ ਨੇ ਪਹਿਲੀ ਵਾਰ ਵੇਖੇ ਸਨ। ਚੰਡੀਗੜ੍ਹ ਉਹ ਰਾਕ-ਗਾਰਡਨ, ਰੋਜ਼-ਗਾਰਡਨ, ਪੰਜਾਬ ਯੂਨੀਵਰਸਿਟੀ, ਅਜਾਇਬ-ਘਰ ਅਤੇ ਕਈ ਹੋਰ ਮਹੱਤਵਪੂਰਨ ਥਾਂਵਾਂ ਵੇਖਦੇ ਰਹੇ। ਅਧਿਆਪਕਾਂ ਨੇ ਉਹਨਾਂ ਨੂੰ ਦੱਸਿਆ ਕਿ ਚੰਡੀਗੜ੍ਹ ਦਾ ਨਕਸ਼ਾ ਪ੍ਰਸਿੱਧ ਫ਼੍ਰਾਂਸੀਸੀ ਆਰਕੀਟੈਕਟ ਲੀ-ਕਾਰਬੂਜ਼ੀਅਰ ਨੇ ਬਣਾਇਆ ਸੀ।

1. **ਬਲਜੀਤ ਕਿਹੜੀ ਕਲਾਸ ਵਿੱਚ ਪੜ੍ਹਦੀ ਸੀ?**

ੳ. ਦਸਵੀਂ
ਅ. ਬਾਰ੍ਹਵੀਂ
ੲ. ਨੌਵੀਂ
ਸ. ਅੱਠਵੀਂ।

**2. ਬਲਜੀਤ ਨੂੰ ਕਿਹੜੀ ਖੇਡ ਦਾ ਸ਼ੌਕ ਸੀ?**

ੳ. ਫ਼ੁਟਬਾਲ
ਅ. ਤੈਰਾਕੀ
ੲ. ਹਾਕੀ
ਸ. ਵਾਲੀਬਾਲ।

**3. ਬਲਜੀਤ ਦਾ ਪੜ੍ਹਨ ਵਾਲ਼ਾ ਕਮਰਾ ਕਿਸ ਨਾਲ਼ ਭਰਿਆ ਪਿਆ ਸੀ?**

ੳ. ਕੱਪੜਿਆਂ ਨਾਲ਼
ਅ. ਖ਼ਿਡੌਣਿਆਂ ਨਾਲ਼
ੲ. ਮੈਡਲਾਂ ਅਤੇ ਸ਼ੀਲਡਾਂ ਨਾਲ਼
ਸ. ਕਿਤਾਬਾਂ ਨਾਲ਼।

**4. ਵਿਦਿਆਰਥੀਆਂ ਨੂੰ ਟੂਰ 'ਤੇ ਕਿੱਥੇ ਲਿਜਾਇਆ ਗਿਆ?**

ੳ. ਪਟਿਆਲ਼ਾ
ਅ. ਚੰਡੀਗੜ੍ਹ
ੲ. ਫ਼ਰਾਂਸ
ਸ. ਜਲੰਧਰ।

**5. ਸਭ ਤੋਂ ਪਹਿਲਾਂ ਕੀ ਦੇਖਣ ਦਾ ਪ੍ਰੋਗ੍ਰਾਮ ਬਣਾਇਆ ਗਿਆ?**

ੳ. ਰੋਜ਼-ਗਾਰਡਨ
ਅ. ਸੁਖਨਾ ਝੀਲ
ੲ. ਛੱਤਬੀੜ ਚਿੜੀਆ-ਘਰ
ਸ. ਰਾਕ-ਗਾਰਡਨ।

## ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਸ਼ਾਮ ਹੋਣ ਲੱਗੀ ਤਾਂ ਉਹ ਸੁਖਨਾ ਝੀਲ 'ਤੇ ਪੁੱਜ ਗਏ। ਘੁੰਮਣ-ਫਿਰਨ ਦੇ ਸ਼ੁਕੀਨ ਅਤੇ ਸੈਲਾਨੀ ਵੱਡੀ ਗਿਣਤੀ ਵਿੱਚ ਉੱਥੇ ਪਹੁੰਚੇ ਹੋਏ ਸਨ। ਝੀਲ ਵਿੱਚ ਨਿੱਕੀਆਂ-ਵੱਡੀਆਂ ਕਿਸ਼ਤੀਆਂ ਵਿੱਚ ਲੋਕ ਅਨੰਦ ਮਾਣ ਰਹੇ ਸਨ। ਰੌਲ਼ਾ-ਰੱਪਾ ਸੁਣਦਿਆਂ ਸਾਰ ਬਲਜੀਤ ਤੇਜ਼ੀ ਨਾਲ਼ ਭੀੜ ਵੱਲ ਵਧੀ। ਉਸ ਨੂੰ ਗੱਲ ਸਮਝਣ ਵਿੱਚ ਦੇਰ ਨਾ ਲੱਗੀ। ਇਸ ਤੋਂ ਪਹਿਲਾਂ ਕਿ ਹੋਰ ਦੇਰੀ ਹੁੰਦੀ, ਬਲਜੀਤ ਨੇ ਝੱਟ ਝੀਲ ਵਿੱਚ ਛਾਲ਼ ਮਾਰ ਦਿੱਤੀ। ਬਲਜੀਤ ਨੇ ਠੀਕ ਉਸੇ ਜਗ੍ਹਾ ਡੁਬਕੀ ਲਾਈ ਜਿੱਥੇ ਬੱਚਾ ਡਿਗਿਆ ਸੀ। ਉਹ ਫੁਰਤੀ ਨਾਲ਼ ਬੱਚੇ ਨੂੰ ਉਸ ਦੀ ਕਮੀਜ਼ ਤੋਂ ਫੜ ਕੇ ਪਾਣੀ ਦੇ ਉੱਪਰ ਲੈ ਆਈ। ਉਹ ਕਾਫ਼ੀ ਜੱਦੋ-ਜਹਿਦ ਕਰਦੀ ਹੋਈ ਬੱਚੇ ਨੂੰ ਧੱਕਦੀ-ਉਛਾਲ਼ਦੀ ਕਿਨਾਰੇ ਵੱਲ ਲਿਆਉਣ ਲੱਗੀ। ਏਨੇ ਨੂੰ ਬਚਾਅ ਲਈ ਇੱਕ ਕਿਸ਼ਤੀ ਵੀ ਨੇੜੇ ਆ ਗਈ। ਬੱਚੇ ਨੂੰ ਬਾਹਰ ਲਿਆਂਦਾ ਗਿਆ। ਉਹ ਬੜੇ ਔਖੇ-ਔਖੇ ਸਾਹ ਲੈ ਰਿਹਾ ਸੀ। ਉਹ ਬੇਹੋਸ਼ ਹੋ ਚੁੱਕਾ ਸੀ। ਉਸ ਦੇ ਢਿੱਡ ਵਿੱਚ ਪਾਣੀ ਭਰ ਗਿਆ ਸੀ। ਬੱਚੇ ਨੂੰ ਇੱਕ ਮੂਧੇ ਘੜੇ ਉੱਪਰ ਪੇਟ ਭਾਰ ਲਿਟਾਇਆ ਗਿਆ।ਬੱਚੇ ਦੇ ਮੂੰਹ ਵਿੱਚੋਂ ਪਾਣੀ ਦੀਆਂ ਘਰਾਲ਼ਾਂ ਵਹਿਣ ਲੱਗੀਆਂ। ਪੇਟ ਵਿਚਲਾ ਪਾਣੀ ਬਾਹਰ ਨਿਕਲ਼ਨ ਨਾਲ਼ ਬੱਚਾ ਹੋਸ਼ ਵਿੱਚ ਆ ਗਿਆ। ਉਸ ਨੇ ਅੱਖਾਂ ਖੋਲ੍ਹੀਆਂ ਅਤੇ ਘਾਬਰੀ ਹੋਈ ਅਵਾਜ਼ ਵਿੱਚ ਉਸ ਦੇ ਮੂੰਹੋਂ ਨਿਕਲਿਆ, "ਮੰਮੀ........!" ਬੱਚੇ ਦੀ ਮੰਮੀ ਨੇ ਆਪਣੇ ਪਰਸ ਵਿੱਚੋਂ ਪੰਜ ਸੌ ਰੁਪਏ ਦਾ ਨੋਟ ਕੱਢਿਆ ਤੇ ਬਲਜੀਤ ਨੂੰ ਦੇਣਾ ਚਾਹਿਆ। ਬਲਜੀਤ ਨੇ ਉਹਨਾਂ ਦੇ ਪੈਸੇ ਵਾਪਸ ਕਰ ਦਿੱਤੇ। ਬਲਜੀਤ ਭੀੜ ਦਾ ਕੇਂਦਰ-ਬਿੰਦੂ ਬਣੀ ਹੋਈ ਸੀ। ਲੋਕ ਉਸ ਨੂੰ ਬੜੇ ਮਾਣ ਨਾਲ਼ ਤੱਕ ਰਹੇ ਸਨ।

**6. ਸੁਖਨਾ ਝੀਲ 'ਤੇ ਕੌਣ ਪਹੁੰਚੇ ਹੋਏ ਸਨ?**

ੳ. ਘੁੰਮਣ-ਫਿਰਨ ਦੇ ਸ਼ੁਕੀਨ
ਅ. ਸੈਲਾਨੀ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਰੌਲ਼ਾ-ਰੱਪਾ ਸੁਣਦਿਆਂ ਸਾਰ ਤੇਜ਼ੀ ਨਾਲ਼ ਭੀੜ ਵੱਲ ਕੌਣ ਵਧਿਆ?**

ੳ. ਬਲਜੀਤ
ਅ. ਏਕਮ
ੲ. ਵੀਨਾ ਭੈਣ ਜੀ
ਸ. ਮਦਨ ਲਾਲ ਜੀ।

**8. ਬਲਜੀਤ ਬੱਚੇ ਨੂੰ ਫੜ ਕੇ ਕਿੱਥੇ ਲੈ ਆਈ?**

ੳ. ਝੀਲ ਵੱਲ
ਅ. ਭੀੜ ਵੱਲ
ੲ. ਕਿਸ਼ਤੀ ਵੱਲ
ਸ. ਕਿਨਾਰੇ ਵੱਲ।

**9. ਬੱਚੇ ਨੂੰ ਕਿਸ 'ਤੇ ਲਿਟਾਇਆ ਗਿਆ?**

ੳ. ਮੂਧੇ ਘੜੇ 'ਤੇ
ਅ. ਜ਼ਮੀਨ 'ਤੇ
ੲ. ਕਿਸ਼ਤੀ 'ਤੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**10.ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਿੰਨੇ ਰੁਪਏ ਦੇ ਕੇ ਕਰਨਾ ਚਾਹਿਆ?**

ੳ. 200 ਰੁਪਏ
ਅ. 100 ਰੁਪਏ
ੲ. 700 ਰੁਪਏ
ਸ. 500 ਰੁਪਏ।

## ਪਾਠ–7 (ਰੂਪਨਗਰ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਰੂਪਨਗਰ ਪੰਜਾਬ ਦਾ ਇੱਕ ਪੁਰਾਣਾ ਸ਼ਹਿਰ ਹੈ। ਅੰਮ੍ਰਿਤਸਰ, ਜਲੰਧਰ, ਪਟਿਆਲ਼ਾ, ਫ਼ਰੀਦਕੋਟ ਜਿਹੇ ਹੋਰ ਕਈ ਸ਼ਹਿਰ ਵੀ ਪੁਰਾਣੇ ਹਨ। ਰੂਪਨਗਰ ਦਾ ਪਹਿਲਾ ਨਾਂ ਰੋਪੜ ਸੀ। 16 ਨਵੰਬਰ, 1976 ਨੂੰ ਇਸ ਸ਼ਹਿਰ ਅਤੇ ਜ਼ਿਲ੍ਹੇ ਦਾ ਨਾਂ ਰੋਪੜ ਤੋਂ ਰੂਪਨਗਰ ਕਰ ਦਿੱਤਾ ਗਿਆ। ਉਦੋਂ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ। ਇਹ ਸ਼ਹਿਰ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੋਇਆ ਹੈ। ਸਤਲੁਜ ਦਰਿਆ ਇਸ ਦੇ ਕੋਲ਼ੋਂ ਵਹਿੰਦਾ ਹੈ। ਇਸ ਦਰਿਆ ਵਿੱਚੋਂ ਕੱਢੀ ਗਈ ਸਰਹਿੰਦ ਨਹਿਰ ਵੀ ਇੱਥੋਂ ਹੀ ਵਹਿਣਾ ਅਰੰਭ ਕਰਦੀ ਹੈ। ਬਿਸਤ ਦੁਆਬ ਨਾਂ ਦੀ ਇੱਕ ਹੋਰ ਨਹਿਰ ਦਰਿਆ ਦੇ ਦੂਜੇ ਕਿਨਾਰੇ ਤੋਂ ਕੱਢੀ ਗਈ ਹੈ। ਦੁਆਬੇ ਦੇ ਕੁਝ ਭਾਗਾਂ ਨੂੰ ਇਸ ਦਾ ਪਾਣੀ ਜਾਂਦਾ ਹੈ। ਨੰਗਲ਼, ਭਾਖੜਾ ਡੈਮ ਤੋਂ ਕੱਢੀ ਗਈ ਭਾਖੜਾ ਨਹਿਰ ਵੀ ਰੂਪਨਗਰ ਦੇ ਕੋਲ਼ੋਂ ਲੰਘਦੀ ਹੈ। ਰੂਪਨਗਰ ਵਿਖੇ ਸਤਲੁਜ ਦਰਿਆ ਦੇ ਪਾਣੀ ਨੂੰ ਲੋੜ ਅਨੁਸਾਰ ਨਹਿਰਾਂ ਵਿੱਚ ਭੇਜਣ ਲਈ ਹੈੱਡਵਰਕਸ ਬਣਾਇਆ ਗਿਆ ਹੈ। ਇਸ ਹੈੱਡਵਰਕਸ ਦੇ ਉੱਪਰਲੇ ਪਾਸੇ ਸਤਲੁਜ ਦਰਿਆ ਇੱਕ ਵੱਡੀ ਝੀਲ ਵਾਂਗ ਦਿਸਦਾ ਹੈ। ਇੱਥੇ ਦਰਿਆ ਦੇ ਸ਼ਹਿਰ ਵੱਲ ਦੇ ਕੰਢੇ ਉੱਤੇ ਸੈਰ-ਸਪਾਟੇ ਲਈ ਥਾਂ ਬਣਾ ਦਿੱਤੀ ਹੈ। ਇਸ ਪ੍ਰਕਾਰ ਇਹ ਸ਼ਹਿਰ ਕੁਦਰਤੀ ਦ੍ਰਿਸ਼ਾਂ ਨਾਲ਼ ਭਰਪੂਰ ਹੈ।

1. **ਰੂਪਨਗਰ ਦਾ ਪਹਿਲਾ ਨਾਂ ਕੀ ਸੀ?**
   ੳ. ਅੰਮ੍ਰਿਤਸਰ
   ਅ. ਰੋਪੜ
   ੲ. ਜਲੰਧਰ
   ਸ. ਹੁਸ਼ਿਆਰਪੁਰ।
2. **ਰੂਪਨਗਰ ਕੋਲ਼ੋਂ ਕਿਹੜੀ ਨਹਿਰ ਲੰਘਦੀ ਹੈ?**
   ੳ. ਬਿਸਤ ਦੁਆਬ
   ਅ. ਭਾਖੜਾ
   ੲ. ਸਰਹਿੰਦ
   ਸ. ਉਪਰੋਕਤ ਸਾਰੇ।
3. **ਕਿਹੜਾ ਦਰਿਆ ਰੂਪਨਗਰ ਕੋਲ਼ੋਂ ਵਹਿੰਦਾ ਹੈ?**
   ੳ. ਸਤਲੁਜ
   ਅ. ਬਿਆਸ
   ੲ. ਰਾਵੀ
   ਸ. ਜੇਹਲਮ।
4. **ਰੂਪਨਗਰ ਵਿਖੇ ਸਤਲੁਜ ਦਰਿਆ ਦੇ ਪਾਣੀ ਨੂੰ ਲੋੜ ਅਨੁਸਾਰ ਨਹਿਰਾਂ ਵਿੱਚ ਭੇਜਣ ਲਈ ਕੀ ਬਣਾਇਆ ਗਿਆ ਹੈ?**
   ੳ. ਝੀਲ
   ਅ. ਨਹਿਰ
   ੲ. ਦਰਿਆ
   ਸ. ਹੈੱਡਵਰਕਸ।
5. **ਕਿਹੜਾ ਸ਼ਹਿਰ ਕੁਦਰਤੀ ਦ੍ਰਿਸ਼ਾਂ ਨਾਲ਼ ਭਰਪੂਰ ਹੈ?**
   ੳ. ਪਟਿਆਲ਼ਾ
   ਅ. ਰੂਪਨਗਰ
   ੲ. ਜਲੰਧਰ
   ਸ. ਹੁਸ਼ਿਆਰਪੁਰ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਅਜੋਕੇ ਪੰਜਾਬ ਦੇ ਤੇਈ ਜ਼ਿਲ੍ਹੇ ਹਨ। ਇਹਨਾਂ ਵਿੱਚ ਇੱਕ ਜ਼ਿਲ੍ਹਾ ਰੂਪਨਗਰ ਹੈ। ਇਸ ਪਾਠ ਵਿੱਚ ਅਸੀਂ ਰੂਪਨਗਰ ਸ਼ਹਿਰ ਦੀ ਗੱਲ ਹੀ ਕਰਾਂਗੇ। ਇਹ ਸ਼ਹਿਰ ਅਬਾਦੀ ਪੱਖੋਂ ਵੱਡਾ ਨਹੀਂ ਹੈ। ਇਸ ਦੀ ਮਹੱਤਤਾ ਨੂੰ ਵੇਖਦਿਆਂ ਬੇਸ਼ੱਕ ਇਹ ਵੱਡਾ ਅਖਵਾਉਣ ਦਾ ਅਧਿਕਾਰੀ ਹੈ। ਪਹਿਲਾਂ ਇਸ ਸ਼ਹਿਰ ਦੀ ਪੁਰਾਤਨਤਾ ਨੂੰ ਹੀ ਵੇਖੋ। ਇੱਥੇ ਖੁਦਾਈ ਕਰਨ 'ਤੇ ਹੜੱਪਾ ਅਤੇ ਮੋਹਿੰਜੋਦੜੋ ਸੱਭਿਅਤਾ ਨਾਲ਼ ਸੰਬੰਧਿਤ ਸਿੱਕੇ, ਬਰਤਨ ਅਤੇ ਮੂਰਤੀਆਂ ਪ੍ਰਾਪਤ ਹੋਈਆਂ। ਵਰਤਮਾਨ ਪੰਜਾਬ ਵਿੱਚ ਸੰਘੋਲ਼ (ਉੱਚਾ ਪਿੰਡ) ਅਤੇ ਰੂਪਨਗਰ ਦੋ ਹੀ ਸਥਾਨ ਹਨ ਜਿੱਥੇ ਖੁਦਾਈ ਕਰਨ ਨਾਲ਼ ਪੁਰਾਣੀ ਸੱਭਿਅਤਾ ਦੇ ਚਿੰਨ੍ਹ ਮਿਲ਼ੇ ਹਨ। ਉਂਞ ਇਸ ਸ਼ਹਿਰ ਨੂੰ ਰਾਜਾ ਰੋਕੇਸ਼ਰ ਨੇ ਗਿਆਰ੍ਹਵੀਂ ਸਦੀ ਵਿੱਚ ਵਸਾਇਆ ਦੱਸਿਆ ਜਾਂਦਾ ਹੈ। ਉਸ ਨੇ ਇਸ ਦਾ

ਨਾਂ ਆਪਣੇ ਪੁੱਤਰ ਰੂਪ ਸੇਨ ਦੇ ਨਾਂ 'ਤੇ ਰੱਖਿਆ। ਅਜੋਕੇ ਪੰਜਾਬ ਦੇ ਚਾਰ ਇਲਾਕੇ : ਮਾਝਾ, ਦੁਆਬਾ, ਮਾਲਵਾ ਅਤੇ ਪੁਆਧ ਹਨ। ਮਾਝੇ ਦੀ ਪੰਜਾਬੀ ਉਪਭਾਸ਼ਾ ਮਾਝੀ, ਦੁਆਬੇ ਦੀ ਦੁਆਬੀ, ਮਾਲਵੇ ਦੀ ਮਲਵਈ ਅਤੇ ਪੁਆਧ ਇਲਾਕੇ ਦੀ ਉਪਭਾਸ਼ਾ ਪੁਆਧੀ ਹੈ। ਰੂਪਨਗਰ ਨੂੰ ਪੰਜਾਬੀ ਦੀਆਂ ਤਿੰਨ ਉਪਭਾਸ਼ਾਵਾਂ ਦੁਆਬੀ, ਮਲਵਈ ਅਤੇ ਪੁਆਧੀ ਦੇ ਇਲਾਕੇ ਛੂੰਹਦੇ ਹਨ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਇੱਥੋਂ ਸਿਰਫ਼ 42 ਕਿਲੋਮੀਟਰ ਦੂਰ ਹੈ।

**6. ਅਜੋਕੇ ਪੰਜਾਬ ਦੇ ਕਿੰਨੇ ਜ਼ਿਲ੍ਹੇ ਹਨ?**

ੳ. 20 ਅ. 23
ੲ. 24 ਸ. 26

**7. ਰੂਪਨਗਰ ਨੂੰ ਕਿਸ ਸਦੀ ਵਿੱਚ ਵਸਾਇਆ ਗਿਆ ਸੀ?**

ੳ. ਨੌਵੀਂ ਅ. ਦਸਵੀਂ
ੲ. ਗਿਆਰ੍ਹਵੀਂ ਸ. ਬਾਰ੍ਹਵੀਂ।

**8. 'ਮੋਹਿੰਜੋਦੜੋ ਅਤੇ ਹੜੱਪਾ' ਸੱਭਿਅਤਾ ਨਾਲ਼ ਸੰਬੰਧਿਤ ਇਲਾਕੇ ਕਿਹੜੇ ਹਨ?**

ੳ. ਸਰਹਿੰਦ ਅ. ਬਟਾਲਾ
ੲ. ਫ਼ਰੀਦਕੋਟ ਸ. ਸੰਘੋਲ਼ ਅਤੇ ਰੂਪਨਗਰ।

**9. ਰੂਪਨਗਰ ਨੂੰ ਕਿਸ ਰਾਜੇ ਨੇ ਵਸਾਇਆ?**

ੳ. ਅਕਬਰ ਅ. ਰੋਕੇਸ਼ਰ
ੲ. ਸਰਦਾਰ ਹਰੀ ਸਿੰਘ ਸ. ਰਾਜਾ ਭੂਪ ਸਿੰਘ।

**10. ਰੂਪਨਗਰ ਦੀ ਚੰਡੀਗੜ੍ਹ ਤੋਂ ਕਿੰਨੀ ਦੂਰੀ ਹੈ?**

ੳ. 22 ਕਿਲੋਮੀਟਰ ਅ. 42 ਕਿਲੋਮੀਟਰ
ੲ. 32 ਕਿਲੋਮੀਟਰ ਸ. 52 ਕਿਲੋਮੀਟਰ।

## ਪਾਠ-8 (ਬਾਬਾ ਫ਼ਰੀਦ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸ਼ੇਖ਼ ਫ਼ਰੀਦ ਸ਼ਕਰਗੰਜ ਪੰਜਾਬ ਦੇ ਮਸ਼ਹੂਰ ਸੂਫ਼ੀ ਫ਼ਕੀਰ ਹੋਏ ਹਨ। ਆਪ ਨੇ ਸਾਰੀ ਜ਼ਿੰਦਗੀ ਤਪ-ਤਿਆਗ ਤੇ ਸਬਰ-ਸੰਤੋਖ ਨਾਲ਼ ਗੁਜ਼ਾਰੀ ਅਤੇ ਸਾਰੇ ਮਨੁੱਖਾਂ ਨੂੰ ਪ੍ਰੇਮ-ਪਿਆਰ ਦਾ ਸਬਕ ਪੜ੍ਹਾਇਆ। ਆਪ ਦਾ ਜਨਮ ਮੁਲਤਾਨ ਦੇ ਇੱਕ ਨਿੱਕੇ ਜਿਹੇ ਪਿੰਡ ਕੋਠੀਵਾਲ ਵਿੱਚ ਪਿਤਾ ਸ਼ੇਖ਼ ਜਮਾਲੁਦੀਨ ਦੇ ਘਰ ਮਾਤਾ ਕਰਸੁਮ ਦੀ ਕੁੱਖੋਂ 1173 ਈਸਵੀ ਵਿੱਚ ਹੋਇਆ। ਮੁਢਲੀ ਵਿੱਦਿਆ ਹਾਸਲ ਕਰ ਕੇ ਆਪ ਮੁਲਤਾਨ ਚਲੇ ਗਏ। ਇੱਥੋਂ ਫ਼ਰੀਦ ਜੀ ਕਈ ਵਾਰ ਦਿੱਲੀ ਵੀ ਗਏ ਅਤੇ ਕਿੰਨਾ ਅਰਸਾ ਹਾਂਸੀ-ਹਿਸਾਰ ਵੱਲ ਤਪੱਸਿਆ ਕਰਦੇ ਰਹੇ। ਅਖੀਰ ਉਹਨਾਂ ਸਤਲੁਜ ਕੰਢੇ ਪਾਕਪਟਨ ਆ ਨਿਵਾਸ ਕੀਤਾ। ਉਹਨਾਂ ਦੀ ਪਵਿੱਤਰ ਰੂਹਾਨੀ ਜ਼ਿੰਦਗੀ ਤੇ ਤਿਆਗ-ਵੈਰਾਗ ਵਾਲ਼ੀ ਰਹਿਣੀ-ਸਹਿਣੀ ਦੇਖ ਕੇ ਆਪ ਦੇ ਮੁਰਸ਼ਦ ਬਖ਼ਤਿਆਰ ਕਾਕੀ ਏਨੇ ਪ੍ਰਸੰਨ ਹੋਏ ਕਿ ਉਹਨਾਂ ਆਪਣੀ ਗੱਦੀ ਹੀ ਫ਼ਰੀਦ ਜੀ ਦੇ ਹਵਾਲੇ ਕਰ ਦਿੱਤੀ। ਇਸ ਜ਼ੁੰਮੇਵਾਰੀ ਨੂੰ ਉਹਨਾਂ ਲਗਾਤਾਰ 32 ਵਰ੍ਹੇ ਨਿਭਾਇਆ। ਸ਼ੇਖ਼ ਫ਼ਰੀਦ ਉੱਚੀ ਕਰਨੀ ਵਾਲ਼ੇ ਫ਼ਕੀਰ ਸਨ ਤੇ ਆਪ ਦਾ ਜੀਵਨ ਬੜਾ ਹੀ ਸਰਲ, ਸਾਦਾ, ਸਬਰ-ਸੰਤੋਖ ਤੇ ਗ਼ਰੀਬੀ ਵਾਲ਼ਾ ਸੀ। ਕੱਚਾ ਕੋਠਾ, ਜੁਆਰ ਦੀ ਰੋਟੀ, ਉੱਬਲ਼ੇ ਹੋਏ ਛੋਲੇ ਤੇ ਸਧਾਰਨ ਕੰਬਲ਼ੀ ਹੀ ਉਹਨਾਂ ਦੀ ਸਾਰੀ ਦੌਲਤ ਸੀ।ਉਹਨਾਂ ਦਾ ਸੁਭਾਅ ਇਤਨਾ ਮਿੱਠਾ ਤੇ ਮਨੋਹਰ ਸੀ ਕਿ ਲੋਕ ਆਪ ਨੂੰ ਸ਼ਕਰਗੰਜ (ਮਿਠਾਸ ਦਾ ਭੰਡਾਰ) ਕਹਿ ਕੇ ਯਾਦ ਕਰਦੇ ਸਨ।

**1. ਪੰਜਾਬ ਦੇ ਮਸ਼ਹੂਰ ਸੂਫ਼ੀ ਫ਼ਕੀਰ ਕੌਣ ਸਨ?**

ੳ. ਸ਼ੇਖ਼ ਜਮਾਲੁਦੀਨ ਜੀ ਅ. ਸ਼ੇਖ਼ ਫ਼ਰੀਦ ਜੀ
ੲ. ਮਨਸੂਰ ਅਲੀ ਜੀ ਸ. ਬਖ਼ਤਿਆਰ ਕਾਕੀ ਜੀ।

**2. ਸ਼ੇਖ਼ ਫ਼ਰੀਦ ਜੀ ਨੇ ਸਾਰੇ ਮਨੁੱਖਾਂ ਨੂੰ ਕੀ ਸਬਕ ਸਿਖਾਇਆ?**

ੳ. ਪ੍ਰੇਮ-ਪਿਆਰ ਦਾ ਅ. ਗ੍ਰਹਿਸਥ ਤਿਆਗ ਦਾ
ੲ. ਤੀਰਥ ਇਸ਼ਨਾਨ ਦਾ ਸ. ਦਾਨ-ਪੁੰਨ ਕਰਨ ਦਾ।

**3. ਸ਼ੇਖ਼ ਫ਼ਰੀਦ ਜੀ ਦਾ ਜਨਮ ਕਿਹੜੇ ਪਿੰਡ ਵਿੱਚ ਹੋਇਆ?**
ੳ. ਸੰਘਵਾਲ　　ਅ. ਅੱਧਵਾਲ
ੲ. ਕੋਠੀਵਾਲ　　ਸ. ਆਲੋਆਲ।

**4. ਸ਼ੇਖ਼ ਫ਼ਰੀਦ ਜੀ ਦੇ ਪਿਤਾ ਦਾ ਨਾਂ ਕੀ ਸੀ?**
ੳ. ਸ਼ੇਖ਼ ਸ਼ੇਰ ਅਲੀ ਖਾਂ　　ਅ. ਸ਼ੇਖ਼ ਵਲੀ ਖਾਂ
ੲ. ਸ਼ੇਖ਼ ਅਮਾਨਤ ਖਾਂ　　ਸ. ਸ਼ੇਖ਼ ਜਮਾਲੁਦੀਨ।

**5. ਸ਼ੇਖ਼ ਫ਼ਰੀਦ ਜੀ ਦੀ ਮਾਤਾ ਜੀ ਦਾ ਕੀ ਨਾਂ ਸੀ?**
ੳ. ਮਰੀਅਮ　　ਅ. ਨਿਆਮਤ
ੲ. ਕਰਸੁਮ　　ਸ. ਹਮੀਦਾ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਬਾਬਾ ਫ਼ਰੀਦ ਵੱਡ-ਪਰਿਵਾਰੇ ਗ੍ਰਹਿਸਥੀ ਪੁਰਸ਼ ਸਨ। ਆਪ ਦੀਆਂ ਤਿੰਨ ਸ਼ਾਦੀਆਂ ਸਨ ਜਿਨ੍ਹਾਂ ਤੋਂ ਪੰਜ ਲੜਕੇ ਤੇ ਤਿੰਨ ਲੜਕੀਆਂ ਪੈਦਾ ਹੋਈਆਂ। ਆਪ ਦੇ ਪੁੱਤਰ ਖੇਤੀਬਾੜੀ ਕਰ ਕੇ ਗੁਜ਼ਾਰਾ ਕਰਦੇ ਸਨ ਤੇ ਇੱਕ ਸਰਕਾਰੀ ਨੌਕਰੀ ਵਿੱਚ ਸੀ। ਪੁੱਤਰਾਂ ਨੂੰ ਖ਼ਿਆਲ ਸੀ ਕਿ ਚਿਸ਼ਤੀ ਫ਼ਿਰਕੇ ਦੀ ਗੱਦੀ ਖ਼ਾਨਦਾਨੀ ਤੌਰ ’ਤੇ ਸਾਨੂੰ ਮਿਲ਼ ਹੀ ਜਾਵੇਗੀ ਲੇਕਿਨ ਬਾਬਾ ਫ਼ਰੀਦ ਨੇ ਅੰਤ ਸਮੇਂ ਆਪਣਾ ਮੁਸੱਲਾ ਤੇ ਤਸਬੀ (ਮਾਲ਼ਾ) ਸੱਯਦ ਮਹਿਮੂਦ ਕਿਆਨੀ ਦੇ ਹੱਥ ਸ਼ੇਖ ਨਿਜ਼ਾਮੁਦੀਨ ਪਾਸ ਦਿੱਲੀ ਭੇਜ ਕੇ ਉਸ ਨੂੰ ਆਪਣਾ ਜਾਨਸ਼ੀਨ ਥਾਪ ਦਿੱਤਾ। ਬੁਢਾਪੇ ਸਮੇਂ ਆਪ ਦਾ ਸਰੀਰ ਕਾਫ਼ੀ ਕਮਜ਼ੋਰ ਹੋ ਗਿਆ ਸੀ। ਇਸ ਕਰ ਕੇ ਉਹ ਡੰਗੋਰੀ ਫੜ ਕੇ ਤੁਰਨ ਲੱਗ ਪਏ ਪਰ ਇਹ ਗੱਲ ਉਹਨਾਂ ਨੂੰ ਉਂਞ ਚੰਗੀ ਨਹੀਂ ਸੀ ਲੱਗਦੀ। ਇੱਕ ਦਿਨ ਅਜਿਹਾ ਰੋਹ ਆਇਆ ਕਿ ਸੋਟੀ ਦੂਰ ਵਗਾਹ ਕੇ ਮਾਰੀ। ਕਹਿਣ ਲੱਗੇ, “ਮੈਂ ਅੱਛਾ ਨਹੀਂ ਕੀਤਾ ਕਿ ਇੱਕ ਅੱਲਾ ਤੋਂ ਬਗ਼ੈਰ ਕਿਸੇ ਹੋਰ 'ਤੇ ਭਰੋਸਾ ਕੀਤਾ ਤੇ ਕਿਸੇ ਫ਼ਕੀਰ ਨੂੰ ਤਾਂ ਇਹ ਬਿਲਕੁਲ ਨਹੀਂ ਕਰਨਾ ਚਾਹੀਦਾ।” ਅਖੀਰ 15 ਅਕਤੂਬਰ, 1265 ਈਸਵੀ ਨੂੰ ਪਾਕਪਟਨ ਵਿੱਚ ਹੀ ਆਪ ਦਾ ਦਿਹਾਂਤ ਹੋਇਆ। ਇੱਥੇ ਆਪ ਦਾ ਮਕਬਰਾ ਬਣਿਆ ਹੋਇਆ ਹੈ।

**6. ਸ਼ੇਖ਼ ਫ਼ਰੀਦ ਜੀ ਦੀਆਂ ਕਿੰਨੀਆਂ ਸ਼ਾਦੀਆਂ ਸਨ?**
ੳ. ਦੋ　　ਅ. ਇੱਕ
ੲ. ਤਿੰਨ　　ਸ. ਚਾਰ।

**7. ਸ਼ੇਖ਼ ਫ਼ਰੀਦ ਜੀ ਨੇ ਆਪਣਾ ਜਾਨਸ਼ੀਨ ਕਿਸ ਨੂੰ ਥਾਪਿਆ?**
ੳ. ਸੱਯਦ ਮਹਿਮੂਦ ਨੂੰ　　ਅ. ਸ਼ੇਖ਼ ਨਿਜ਼ਾਮੁਦੀਨ ਨੂੰ
ੲ. ਫ਼ਕੀਰ ਨੂੰ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਸ਼ੇਖ਼ ਫ਼ਰੀਦ ਜੀ ਨੇ ਕਿਸ ’ਤੇ ਭਰੋਸਾ ਕੀਤਾ?**
ੳ. ਆਪਣੇ-ਆਪ ’ਤੇ　　ਅ. ਅੱਲਾ ’ਤੇ
ੲ. ਅੱਲਾ ਤੋਂ ਬਗੈਰ ਸਭ ’ਤੇ　　ਸ. ਆਪਣੇ ਪਰਿਵਾਰ ’ਤੇ।

**9. ਸ਼ੇਖ਼ ਫ਼ਰੀਦ ਜੀ ਦਾ ਦਿਹਾਂਤ ਕਿੱਥੇ ਹੋਇਆ?**
ੳ. ਦਿੱਲੀ　　ਅ. ਪਾਕਪਟਨ
ੲ. ਮੁਲਤਾਨ　　ਸ. ਹਾਂਸੀ-ਹਿਸਾਰ।

**10. ਸ਼ੇਖ਼ ਫ਼ਰੀਦ ਜੀ ਦੇ ਕਿੰਨੇ ਲੜਕੇ ਅਤੇ ਲੜਕੀਆਂ ਸਨ?**
ੳ. ਪੰਜ ਲੜਕੇ ਅਤੇ ਦੋ ਲੜਕੀਆਂ　　ਅ. ਚਾਰ ਲੜਕੇ ਅਤੇ ਦੋ ਲੜਕੀਆਂ
ੲ. ਪੰਜ ਲੜਕੇ ਅਤੇ ਤਿੰਨ ਲੜਕੀਆਂ　　ਸ. ਤਿੰਨ ਲੜਕੇ ਅਤੇ ਪੰਜ ਲੜਕੀਆਂ।

## ਪਾਠ-9 (ਪੰਜਾਬ)

➢ **ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :**

**1. ਤੇਰੀ ਮਾਖਿਉਂ ਮਿੱਠੀ ਬੋਲੀ ਦੀ, ਸਿਫ਼ਤ ਕਰਦਿਆਂ ਜੀਅ ਨਾ ਰੱਜਦਾ ਹੈ,**

**ਉਰਦੂ-ਹਿੰਦੀ ਦਿਆਂ ਸਾਜ਼ਾਂ ਵਿੱਚ, ਸੁਰ-ਤਾਲ ਤਿਰਾ ਹੀ ਵੱਜਦਾ ਹੈ।**
**ਭਾਵ-ਅਰਥ :** ਪੰਜਾਬ ਦੀ ਸ਼ਹਿਦ ਵਰਗੀ ਮਿੱਠੀ ਪੰਜਾਬੀ ਬੋਲੀ ਦੀ ਸਿਫ਼ਤ ਕਰ-ਕਰ ਕੇ ਦਿਲ ਨਹੀਂ ਭਰਦਾ। ਉਰਦੂ-ਹਿੰਦੀ ਦੇ ਸਾਜ਼ਾਂ ਵਿੱਚ ਵੀ ਪੰਜਾਬ ਦਾ ਸੁਰ-ਤਾਲ ਹੀ ਗੂੰਜਦਾ ਹੈ।

2. **ਤੇਰੇ ਜ਼ੱਰੇ-ਜ਼ੱਰੇ ਅੰਦਰ, ਅਪਣੱਤ ਜਿਹੀ ਕੋਈ ਵੱਸਦੀ ਹੈ,**
**ਤੇਰੀ ਗੋਦੀ ਵਿੱਚ ਬਹਿੰਦਿਆਂ ਹੀ, ਦੁਨੀਆ ਦੀ ਚਿੰਤਾ ਨੱਸਦੀ ਹੈ।**
**ਭਾਵ-ਅਰਥ :** ਕਵੀ ਨੂੰ ਪੰਜਾਬ ਦੇ ਜ਼ੱਰੇ-ਜ਼ੱਰੇ ਨਾਲ਼ ਪਿਆਰ ਹੈ। ਇਸ ਦੀ ਗੋਦੀ ਵਿੱਚ ਬਹਿੰਦਿਆਂ ਹੀ ਉਸ ਦੀਆਂ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ।

3. **ਪੰਜਾਬ ਕਰਾਂ ਕੀ ਸਿਫ਼ਤ ਤਿਰੀ, ਸ਼ਾਨਾਂ ਦੇ ਸਭ ਸਾਮਾਨ ਤਿਰੇ,**
**ਜਲ, ਪੌਣ ਤਿਰਾ, ਹਰਿਔਲ ਤਿਰੀ, ਦਰਯਾ, ਪਰਬਤ, ਮੈਦਾਨ ਤਿਰੇ।**
......................................................................................................
......................................................................................................
......................................................................................................

4. **ਦੁਨੀਆ ਸਾਰੀ ਭੀ ਸੋਹਣੀ ਹੈ, ਪਰ ਤੇਰਾ ਰੰਗ ਨਿਆਰਾ ਹੈ,**
**ਤੇਰੀ ਮਿੱਟੀ ਦਾ ਕੁੱਲਾ ਭੀ, ਸ਼ਾਹੀ ਮਹਿਲਾਂ ਤੋਂ ਪਿਆਰਾ ਹੈ।**
......................................................................................................
......................................................................................................
......................................................................................................

5. **ਖੂਹਾਂ 'ਤੇ ਟਿੱਚ-ਟਿੱਚ ਹੁੰਦੀ ਹੈ, ਖੇਤਾਂ ਵਿੱਚ ਹਲ਼ ਪਏ ਧੱਸਦੇ ਨੇ,**
**ਭੱਤੇ ਛਾਹ ਵੇਲ਼ੇ ਢੁਕਦੇ ਨੇਂ, ਹਾਲ਼ੀ ਤੱਕ-ਤੱਕ ਕੇ ਹੱਸਦੇ ਨੇ।**
......................................................................................................
......................................................................................................
......................................................................................................

## ਪਾਠ-10 (ਹਰਿਆਵਲ ਦੇ ਬੀਜ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਦੂਰ ਤੱਕ ਤਪਦਾ ਹੋਇਆ ਮਾਰੂਥਲ ਸੀ। ਉੱਥੇ ਤਿੱਖੀਆਂ-ਤੁਰਸ਼ ਹਵਾਵਾਂ ਵਗ ਰਹੀਆਂ ਸਨ। ਚੁਫੇਰੇ ਉੱਡਦੀ ਹੋਈ ਰੇਤ ਸੀ। ਬਹੁਤ ਪਹਿਲੋਂ ਉੱਥੇ ਹਰਾ-ਭਰਾ ਜੰਗਲ਼ ਹੁੰਦਾ ਸੀ। ਇੱਕ ਫ਼ਕੀਰ ਉਸ ਪਾਸਿਓਂ ਦੀ ਲੰਘਿਆ। ਉਹਨੇ ਵੇਖਿਆ ਲੋਕ ਪਾਗਲਾਂ ਵਾਂਗ ਰੁੱਖ ਵੱਢ ਰਹੇ ਸਨ। ਫ਼ਕੀਰ ਨੇ ਲੋਕਾਂ ਨੂੰ ਆਖਿਆ, "ਇਸ ਤਰ੍ਹਾਂ ਤਾਂ ਤੁਸੀਂ ਉੱਜੜ ਜਾਣਾ ਏਂ।" ਉਹ ਲੋਕ ਕਈ ਸਾਲਾਂ ਤੋਂ ਜੰਗਲ਼ ਕੱਟ ਰਹੇ ਸਨ। ਉਹ ਲੱਕੜਾਂ ਵੇਚ-ਵੇਚ ਕੇ ਅਮੀਰ ਹੋਏ ਸਨ। ਉਹਨਾਂ ਨੂੰ ਫ਼ਕੀਰ ਦੀ ਗੱਲ ਮੂਰਖਤਾ ਭਰੀ ਲੱਗੀ। ਉਹ ਹੱਸੇ ਤੇ ਪਹਿਲਾਂ ਵਾਂਗੂੰ ਹੀ ਰੁੱਖ ਵੱਢਦੇ ਰਹੇ। ਹੌਲ਼ੀ-ਹੌਲ਼ੀ ਜੰਗਲ਼ ਮੁੱਕ ਗਏ। ਫੇਰ ਹੜ੍ਹ ਵੀ ਆਏ। ਹੜ੍ਹਾਂ ਦਾ ਪਾਣੀ ਸੋਖਣ ਲਈ ਉੱਥੇ ਰੁੱਖ ਹੀ ਨਹੀਂ ਸਨ। ਹੜ੍ਹਾਂ ਨੇ ਤਬਾਹੀ ਵੀ ਕੀਤੀ ਤੇ ਪਾਣੀ ਜ਼ਰਖੇਜ਼ ਮਿੱਟੀ ਨੂੰ ਵੀ ਰੋੜ੍ਹ ਕੇ ਲੈ ਗਿਆ। ਲੋਕ ਨੰਗ-ਮੁਨੰਗੀ ਧਰਤੀ ਉੱਤੇ ਬੈਠੇ ਰਹਿ ਗਏ। ਹਰਿਆ-ਭਰਿਆ ਦੇਸ ਮਾਰੂਥਲ ਹੋ ਗਿਆ। ਇੱਕ ਵਾਰ ਹਵਾ ਨੇ ਝੱਖੜ ਦਾ ਰੂਪ ਲੈ ਲਿਆ। ਰੇਤਥਲ ਦਾ ਤੁਫ਼ਾਨ ਬਹੁਤ ਮਾਰੂ ਸੀ। ਝੱਖੜ ਦਾ ਵੇਗ ਲੋਕਾਂ ਨੂੰ ਅਣਕਿਆਸੇ ਥਾਂਵਾਂ ਵੱਲ ਉਡਾ ਕੇ ਲੈ ਗਿਆ। ਵੱਸਦੇ ਲੋਕ ਉੱਜੜ-ਪੁੱਜੜ ਗਏ। ਭੀਖੂ ਨੇ ਆਪਣੀ ਪਤਨੀ ਅਤੇ ਪੁੱਤਰ ਨੂੰ ਘੁੱਟ ਕੇ ਫੜਿਆ ਹੋਇਆ ਸੀ। ਉਹ ਉੱਖੜੀਆਂ ਹੋਈਆਂ ਝਾੜੀਆਂ ਵਾਂਗੂੰ ਅੱਗੇ ਹੀ ਅੱਗੇ ਲੁੜ੍ਹਕਦੇ, ਰਿੜ੍ਹਦੇ ਗਏ ਸਨ। ਅਚਾਨਕ ਉਹਨਾਂ ਨੂੰ ਜਾਪਿਆ, ਕਿਸੇ ਨੇ ਬਾਂਹਵਾਂ ਫੈਲਾ ਦਿੱਤੀਆਂ ਸਨ। ਜਿਸ ਨੇ ਝੱਖੜ ਦੀ ਤੀਬਰ ਗਤੀ ਕੋਲ਼ੋਂ ਉਹਨਾਂ ਦੀ ਜਾਨ ਬਚਾਈ ਸੀ, ਉਹ ਇੱਕ ਰੁੱਖ ਸੀ।

**1. ਫ਼ਕੀਰ ਨੇ ਕੀ ਵੇਖਿਆ?**
ੳ. ਉੱਡਦੀ ਰੇਤ
ਅ. ਰੁੱਖ ਵੱਢਦੇ ਲੋਕ
ੲ. ਹਰਾ-ਭਰਾ ਜੰਗਲ਼
ਸ. ਲੱਕੜਾਂ ਵੇਚਦੇ ਲੋਕ।

**2. ਫ਼ਕੀਰ ਨੇ ਰੁੱਖ ਵੱਢਦੇ ਲੋਕਾਂ ਨੂੰ ਕੀ ਆਖਿਆ?**
ੳ. ਉਜੜ ਜਾਣਾ ਏਂ
ਅ. ਜੰਗਲ਼ ਕੱਟਣ ਲਈ
ੲ. ਹੜ੍ਹਾਂ ਦਾ ਪਾਣੀ ਸੋਖਣ ਲਈ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**3. ਜੰਗਲ਼ ਕੱਟਣ ਨਾਲ਼ ਕੀ ਹੋਇਆ?**
ੳ. ਹੜ੍ਹ ਆ ਗਏ
ਅ. ਚਾਰੇ ਪਾਸੇ ਤਬਾਹੀ ਹੋਈ
ੲ. ਦੇਸ ਮਾਰੂਥਲ ਹੋ ਗਿਆ
ਸ. ਉਪਰੋਕਤ ਸਾਰੇ।

**4. ਜਦ ਹਵਾ ਨੇ ਝੱਖੜ ਦਾ ਰੂਪ ਲੈ ਲਿਆ ਤਾਂ ਕੀ ਵਾਪਰਿਆ?**
ੳ. ਦੇਸ ਮਾਰੂਥਲ ਹੋ ਗਿਆ
ਅ. ਜ਼ਰਖੇਜ਼ ਮਿੱਟੀ ਰੁੜ੍ਹ ਗਈ
ੲ. ਲੋਕਾਂ ਨੂੰ ਉਡਾ ਕੇ ਲੈ ਗਿਆ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**5. ਝੱਖੜ ਦੇ ਵੇਗ ਤੋਂ ਭੀਖੂ ਤੇ ਉਸਦੇ ਪਰਿਵਾਰ ਦੀ ਜਾਨ ਕਿਸ ਨੇ ਬਚਾਈ?**
ੳ. ਉੱਖੜੀਆਂ ਹੋਈਆਂ ਝਾੜੀਆਂ ਨੇ
ਅ. ਫ਼ਕੀਰ ਨੇ
ੲ. ਭੀਖੂ ਨੇ
ਸ. ਰੁੱਖ ਨੇ।

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਇੱਕ ਦਿਨ ਫ਼ਕੀਰ ਉਸ ਪਾਸਿਓਂ ਦੀ ਲੰਘਿਆ। ਉਸ ਵੇਲ਼ੇ ਲੂਆਂ ਵਗ ਰਹੀਆਂ ਸਨ। ਫ਼ਕੀਰ ਨੇ ਢਾਰੇ ਦੇ ਸੇਕ ਵਿੱਚ ਬੈਠ ਕੇ ਪਾਣੀ ਪੀਤਾ ਤੇ ਪੁੱਛਿਆ, "ਕੀ ਰੱਬ ਨੇ ਤੁਹਾਨੂੰ ਕਦੀ ਕੋਈ ਰੁੱਖ ਨਹੀਂ ਦਿੱਤਾ?" ਭੀਖੂ ਨੇ ਦੱਸਿਆ, "ਬਾਬਾ ! ਹੈਗਾ ਏ ਇੱਕ ਰੁੱਖ ਔਹ ਖੜ੍ਹਾ ਏ ਰੁੰਡ-ਮੁੰਡ ਜਿਹਾ।" ਫ਼ਕੀਰ ਰੁੱਖ ਦਾ ਹਸ਼ਰ ਵੇਖ ਕੇ ਉਦਾਸ ਹੋ ਗਿਆ। ਉਹ ਕੁਝ ਛਿਣ ਚੁੱਪ ਰਿਹਾ ਤੇ ਫਿਰ ਬੋਲਿਆ, "ਹਮੇਸ਼ਾਂ ਰੁੱਖ ਕੱਟੇ ਹੀ ਨੇ। ਕਦੀ ਰੁੱਖ ਲਾਏ ਵੀ ਨੇ? ਕੀ ਇਸ ਦੁਨੀਆ ਵਿੱਚੋਂ ਹਰਿਆਵਲ ਦੇ ਬੀਜ ਮੁੱਕ ਗਏ?" ਭੀਖੂ ਨੂੰ ਕੋਈ ਗੱਲ ਨਾ ਅਹੁੜੀ। ਫ਼ਕੀਰ ਨੇ ਅੱਖਾਂ ਮੀਟ ਲਈਆਂ। ਕੁਝ ਚਿਰ ਪਿੱਛੋਂ ਉਸ ਅੱਖਾਂ ਖੋਲ੍ਹੀਆਂ ਤੇ ਉਦਾਸ ਸੁਰ ਵਿੱਚ ਬੋਲਿਆ ਤਾਂ ਹੀ ਮੈਂ ਇਸ ਘਰ ਉੱਤੇ ਉਜਾੜੇ ਦਾ ਪਰਛਾਂਵਾਂ ਵੇਖ ਰਿਹਾ ਸਾਂ। ਜਦੋਂ ਰੁੱਖ ਨਾ ਹੋਣ ਤਾਂ ਇਸ ਤਰ੍ਹਾਂ ਹੀ ਹੁੰਦਾ ਹੈ। ਇਹ ਸੁਣ ਕੇ ਘਰ ਦੇ ਜੀਅ ਬੇਚੈਨ ਹੋ ਗਏ। ਫ਼ਕੀਰ ਨੇ ਉਹਨਾਂ ਦੇ ਮਨ ਵਿੱਚ ਹਰਿਆਵਲ ਦੇ ਬੀਜ ਖਿਲਾਰ ਦਿੱਤੇ ਸਨ। ਮਾਰੂਥਲ ਵਿੱਚ ਵਾ-ਵਰੋਲ਼ਾ ਜਿਹਾ ਉੱਠਿਆ। ਅਚਾਨਕ ਆਲਮ ਖੜ੍ਹਾ ਹੋ ਗਿਆ, "ਹੁਣ ਮੈਂ ਵੱਡਾ ਤਾਂ ਹੋ ਹੀ ਗਿਆ ਵਾਂ। ਹੁਣ ਮੈਂ ਬਣਾਂਗਾ ਰੁੱਖ ਉਗਾਉਣ ਵਾਲ਼ਾ।" ਆਲਮ ਤਿੱਖੜ ਧੁੱਪ ਵਿੱਚ ਹਰਿਆਵਲ ਦੇ ਬੀਜ ਲੱਭਣ ਤੁਰ ਪਿਆ। ਆਲਮ ਨੂੰ ਹਰਿਆਵਲ ਦੇ ਬੀਜ ਲੱਭ ਪਏ ਹਨ। ਸੁਣਿਆ ਹੈ, ਆਲਮ ਜਿੱਧਰ ਦੀ ਵੀ ਲੰਘਦਾ ਹੈ, ਰੁੱਖ ਲਾਉਂਦਾ ਤੁਰਿਆ ਜਾਂਦਾ ਹੈ।

**6. ਇੱਕ ਦਿਨ ਫ਼ਕੀਰ ਉਸ ਪਾਸਿਓਂ ਦੀ ਲੰਘਿਆ ਤਾਂ ਕੀ ਦੇਖਿਆ?**
ੳ. ਕੋਈ ਰੁੱਖ ਨਹੀਂ ਸੀ
ਅ. ਲੂਆਂ ਵਗ ਰਹੀਆਂ ਸਨ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਫ਼ਕੀਰ ਨੇ ਰੁੱਖ ਦਾ ਹਸ਼ਰ ਵੇਖ ਕੇ ਕੀ ਮਹਿਸੂਸ ਕੀਤਾ?**
ੳ. ਉਦਾਸ ਹੋ ਗਿਆ
ਅ. ਸੇਕ
ੲ. ਲੂਆਂ
ਸ. ਉਪਰੋਕਤ ਸਾਰੇ।

**8. ਫ਼ਕੀਰ ਨੇ ਰੁੱਖ ਦਾ ਹਸ਼ਰ ਵੇਖ ਕੇ ਕੀ ਕਿਹਾ?**
ੳ. ਪਾਣੀ ਪੀਣ ਲਈ ਕਿਹਾ
ਅ. ਅੱਖਾਂ ਮੀਟਣ ਲਈ ਕਿਹਾ
ੲ. ਉਜਾੜੇ ਦਾ ਪਰਛਾਂਵਾਂ ਕਿਹਾ
ਸ. ਰੇਤਥਲ ਦਾ ਤੁਫ਼ਾਨ ਕਿਹਾ।

**9. ਰੁੱਖ ਕੱਟਣ ਤੇ ਫ਼ਕੀਰ ਕੀ ਬੋਲਿਆ?**
ੳ. ਕਦੇ ਰੁੱਖ ਲਾਏ ਵੀ ਨੇ
ਅ. ਹਮੇਸ਼ਾਂ ਰੁੱਖ ਕੱਟੇ ਹੀ ਨੇ
ੲ. ੳ ਅਤੇ ਅ ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

10.ਫ਼ਕੀਰ ਨੇ ਭੀਖੂ ਦੇ ਮਨ ਵਿੱਚ ਕੀ ਖਿਲਾਰ ਦਿੱਤਾ ਸੀ?

ੳ. ਤਪਦਾ ਮਾਰੂਥਲ — ਅ. ਹਰਿਆਵਲ ਦੇ ਬੀਜ

ੲ. ਰੇਤਥਲ ਦਾ ਤੁਫ਼ਾਨ — ਸ. ਝੱਖੜ।

## ਪਾਠ-11 (ਪੰਜਾਬੀ ਲੋਕ-ਨਾਚ: ਗਿੱਧਾ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਕਿਸੇ ਖ਼ੁਸ਼ੀ ਦੇ ਅਵਸਰ 'ਤੇ ਜਦੋਂ ਸਾਡੇ ਅੰਦਰੋਂ ਖ਼ੁਸ਼ੀ ਦੀਆਂ ਲਹਿਰਾਂ ਉੱਠਦੀਆਂ ਹਨ ਤਾਂ ਸਾਡਾ ਮਨ ਵਜਦ ਵਿੱਚ ਆ ਜਾਂਦਾ ਹੈ। ਰਾਗ ਅਤੇ ਤਾਲ ਦੇ ਸੁਮੇਲ ਨਾਲ਼ ਮਨੁੱਖ ਨੱਚ ਉੱਠਦਾ ਹੈ। ਇੱਕ ਮਨੁੱਖ ਦੀ ਖ਼ੁਸ਼ੀ ਵਿੱਚ ਸ਼ਾਮਲ ਹੋਣ ਲਈ ਜਦੋਂ ਦੂਸਰੇ ਸਾਥੀ ਉਸ ਨਾਲ਼ ਰਲ਼ ਕੇ ਨੱਚਣ ਲੱਗ ਜਾਂਦੇ ਹਨ ਤਾਂ ਇਸ ਸਮੂਹਿਕ ਨਾਚ ਨੂੰ ਅਸੀਂ ਲੋਕ-ਨਾਚ ਦਾ ਨਾਂ ਦਿੰਦੇ ਹਾਂ। ਗਿੱਧਾ ਪੰਜਾਬ ਦੀਆਂ ਮੁਟਿਆਰਾਂ ਦਾ ਮਨਮੋਹਕ ਲੋਕ-ਨਾਚ ਹੈ। ਗਿੱਧਾ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਇਆ ਜਾ ਸਕਦਾ ਹੈ। ਸਾਉਣ ਦੇ ਮਹੀਨੇ ਪੰਜਾਬ ਦੀਆਂ ਮੁਟਿਆਰਾਂ ਇਸ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ, ਜਿਸ ਨੂੰ 'ਤੀਆਂ ਦਾ ਤਿਉਹਾਰ' ਆਖਦੇ ਹਨ। ਗਿੱਧਾ ਪਾਉਣ ਵੇਲ਼ੇ ਮਨ ਦੇ ਭਾਵ ਪ੍ਰਗਟਾਉਣ ਲਈ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ। ਬੋਲੀਆਂ ਦਾ ਅਰੰਭ ਦੇਵੀ-ਦੇਵਤਿਆਂ ਨੂੰ ਧਿਆ ਕੇ ਕੀਤਾ ਜਾਂਦਾ ਹੈ।

1. **ਮਨੁੱਖ ਕਿਸ ਦੇ ਸੁਮੇਲ ਨਾਲ਼ ਨੱਚ ਉਠਦਾ ਹੈ?**

ੳ. ਲਹਿਰਾਂ ਦੇ — ਅ. ਦੂਸਰੇ ਸਾਥੀਆਂ ਦੇ

ੲ. ਲੋਕ-ਨਾਚ ਦੇ — ਸ. ਰਾਗ ਅਤੇ ਤਾਲ ਦੇ।

2. **ਲੋਕ-ਨਾਚ ਕਿਸ ਨੂੰ ਕਿਹਾ ਜਾਂਦਾ ਹੈ?**

ੳ. ਸਰੀਰਕ ਹਰਕਤਾਂ ਨੂੰ — ਅ. ਸਮੂਹਿਕ ਨਾਚ ਨੂੰ

ੲ. ਨੱਚਣ ਨੂੰ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

3. **ਪੰਜਾਬ ਦੀਆਂ ਮੁਟਿਆਰਾਂ ਦਾ ਮੁੱਖ ਲੋਕ-ਨਾਚ ਕਿਹੜਾ ਹੈ?**

ੳ. ਗਿੱਧਾ — ਅ. ਭੰਗੜਾ

ੲ. ਧਮਾਲ — ਸ. ਝੂੰਮਰ।

4. **ਕਿਹੜੇ ਮਹੀਨੇ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ?**

ੳ. ਜੇਠ — ਅ. ਸਾਉਣ

ੲ. ਭਾਦੋਂ — ਸ. ਅੱਸੂ।

5. **ਗਿੱਧਾ ਪਾਉਣ ਵੇਲ਼ੇ ਕੀ ਪਾਇਆ ਜਾਂਦਾ ਹੈ?**

ੳ. ਭੰਗੜਾ — ਅ. ਜੁੱਤੀ

ੲ. ਬੋਲੀਆਂ — ਸ. ਸੂਟ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਗਿੱਧਾ ਪਾਉਣ ਵੇਲ਼ੇ ਕੁੜੀਆਂ ਇੱਕ ਗੋਲ਼-ਦਾਇਰਾ ਬਣਾ ਕੇ ਖਲੋ ਜਾਂਦੀਆਂ ਹਨ। ਕੁੜੀਆਂ ਤਾੜੀਆਂ ਮਾਰ ਕੇ ਤਾਲ ਦਿੰਦੀਆਂ ਹੋਈਆਂ ਬੋਲੀਆਂ ਪਾਉਂਦੀਆਂ ਹਨ। ਇਸ ਸਮੇਂ ਦਾਇਰੇ ਵਿੱਚੋਂ ਨਿਕਲ਼ ਕੇ ਦੋ ਕੁੜੀਆਂ ਪਿੜ ਵਿੱਚ ਆ ਕੇ ਨੱਚਣ ਲੱਗ ਜਾਂਦੀਆਂ ਹਨ। ਝਾਂਜਰਾਂ ਦੀ ਛਣਕਾਰ, ਪੈਰਾਂ ਦੀ ਧਮਕ ਅਤੇ ਢੋਲਕੀ ਦੀ ਤਾਲ਼ 'ਤੇ ਵੱਜਦੀ ਤਾੜੀ ਇੱਕ ਅਨੂਠਾ ਸਮਾਂ ਬੰਨ੍ਹ ਦਿੰਦੀ ਹੈ। ਗਿੱਧਾ ਕੇਵਲ ਮੁਟਿਆਰਾਂ ਹੀ ਨਹੀਂ, ਗੱਭਰੂ ਵੀ ਪਾਉਂਦੇ ਹਨ। ਗੱਭਰੂਆਂ ਦਾ ਵਧੇਰੇ ਜ਼ੋਰ ਬੋਲੀਆਂ ਉੱਤੇ ਹੀ ਹੁੰਦਾ ਹੈ। ਬੋਲੀਆਂ ਦਾ ਅਰੰਭ ਦੇਵੀ-ਦੇਵਤਿਆਂ ਨੂੰ ਧਿਆ ਕੇ ਕੀਤਾ ਜਾਂਦਾ ਹੈ। ਕੁੜੀਆਂ ਤੀਆਂ ਦਾ ਗਿੱਧਾ ਪਾਉਂਦੀਆਂ ਹੋਈਆਂ ਪਿੱਪਲ਼ਾਂ, ਬਰੋਟਿਆਂ, ਠੰਢੀਆਂ ਛਾਂਵਾਂ ਅਤੇ ਸਹੇਲੀਆਂ ਨੂੰ ਯਾਦ ਕਰਦੀਆਂ ਹਨ। ਬੋਲੀਆਂ ਵਿੱਚ ਬਾਬਲ-ਧੀ, ਮਾਂਵਾਂ-ਧੀਆਂ, ਭੈਣ-ਭਰਾ, ਸੱਸ-ਸਹੁਰਾ, ਜੇਠ-ਜਠਾਣੀ, ਨਣਦ-ਭਰਜਾਈ, ਦਿਓਰ-ਦਰਾਣੀ ਅਤੇ ਹੋਰ ਪਰਿਵਾਰਿਕ ਰਿਸ਼ਤਿਆਂ ਦਾ ਵਰਣਨ ਆਉਂਦਾ ਹੈ। ਹੋਰ ਵੀ ਕਈ ਕਿਸਮ ਦੇ ਸਾਂਗ ਅਤੇ ਰੰਗ-ਤਮਾਸ਼ੇ ਗਿੱਧੇ ਦਾ ਸ਼ਿੰਗਾਰ ਬਣਦੇ ਹਨ। ਮਨੋਰੰਜਨ ਦੇ ਸਾਧਨ ਤਬਦੀਲ ਹੋਣ ਕਾਰਨ ਅੱਜ-ਕੱਲ੍ਹ ਗਿੱਧਾ ਪਾਉਣ ਦੀ ਪਰੰਪਰਾ ਵੀ ਮੱਧਮ ਪੈ ਰਹੀ ਹੈ। ਇਸ ਨੂੰ ਸੁਰਜੀਤ ਰੱਖਣ ਦੀ ਲੋੜ ਹੈ।

**6. ਗਿੱਧਾ ਪਾਉਣ ਵੇਲੇ ਕੁੜੀਆਂ ਕਿਵੇਂ ਖਲੋ ਜਾਂਦੀਆਂ ਹਨ?**

ੳ. ਸੱਜੇ-ਖੱਬੇ　　ਅ. ਗੋਲ ਦਾਇਰਾ ਬਣਾ ਕੇ

ੲ. ਅੱਗੇ-ਪਿੱਛੇ　　ਸ. ਕਤਾਰਾਂ ਬਣਾ ਕੇ।

**7. ਕਿੰਨੀਆਂ ਕੁੜੀਆਂ ਪਿੜ ਵਿੱਚ ਆ ਕੇ ਨੱਚਣ ਲੱਗ ਜਾਂਦੀਆਂ ਹਨ?**

ੳ. ਦੋ　　ਅ. ਤਿੰਨ

ੲ. ਚਾਰ　　ਸ. ਪੰਜ।

**8. ਅਨੂਠਾ ਸਮਾਂ ਕੌਣ ਬੰਨ੍ਹ ਦਿੰਦਾ ਹੈ?**

ੳ. ਝਾਂਜਰਾਂ ਦੀ ਛਣਕਾਰ　　ਅ. ਪੈਰਾਂ ਦੀ ਧਮਕ

ੲ. ਢੋਲਕੀ ਦੀ ਤਾਲ　　ਸ. ਉਪਰੋਕਤ ਸਾਰੇ।

**9. ਗੱਭਰੂਆਂ ਦੇ ਗਿੱਧੇ ਵਿੱਚ ਵਧੇਰੇ ਜ਼ੋਰ ਕਿਸ 'ਤੇ ਹੁੰਦਾ ਹੈ?**

ੳ. ਬੋਲੀਆਂ 'ਤੇ　　ਅ. ਲਚਕ 'ਤੇ

ੲ. ਨੱਚਣ 'ਤੇ　　ਸ. ਗਿੱਧੇ 'ਤੇ।

**10. ਬੋਲੀਆਂ ਦਾ ਆਰੰਭ ਕਿਵੇਂ ਕੀਤਾ ਜਾਂਦਾ ਹੈ?**

ੳ. ਫ਼ਤਿਹ ਬੁਲਾ ਕੇ　　ਅ. ਬੋਲੀ ਪਾ ਕੇ

ੲ. ਨੱਚ ਕੇ　　ਸ. ਦੇਵੀ-ਦੇਵਤਿਆਂ ਨੂੰ ਧਿਆ ਕੇ।

## ਪਾਠ-12 (ਪੰਜਾਬ ਦਾ ਸੁਪਨਸਾਜ਼ : ਡਾ. ਮਹਿੰਦਰ ਸਿੰਘ ਰੰਧਾਵਾ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਉੱਘੇ ਵਿਗਿਆਨੀ, ਕਲਾ ਅਤੇ ਸਾਹਿਤ ਦੇ ਰਸੀਏ ਡਾ. ਮਹਿੰਦਰ ਸਿੰਘ ਰੰਧਾਵਾ ਇੱਕ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਰੰਧਾਵਾ ਦੇ ਮਨ ਅੰਦਰ ਇੱਕ ਵਿਸ਼ਾਲ ਪੰਜਾਬ ਵੱਸਿਆ ਹੋਇਆ ਸੀ। ਉਹਨਾਂ ਨੂੰ ਪੰਜਾਬ ਦੀ ਖ਼ਲਕਤ ਲੋਕਾਂ ਨਾਲ਼, ਇੱਥੋਂ ਦੀ ਹਰ ਵਸਤੂ ਅਤੇ ਪੰਜਾਬ ਦੀ ਮਿੱਟੀ ਨਾਲ਼ ਦਿਲੋਂ ਮੁਹੱਬਤ ਸੀ। ਰੰਧਾਵਾ ਜੀ ਖ਼ੁਦ ਇੱਕ ਵਿਗਿਆਨੀ ਸਨ। ਲੋਕ-ਗੀਤਾਂ ਨੂੰ ਇਕੱਤਰ ਕਰਨ ਲਈ ਉਹਨਾਂ ਨੇ ਲੋਕਾਂ ਨਾਲ਼ ਸਿੱਧਾ ਮੇਲ਼-ਮਿਲਾਪ ਰੱਖਿਆ। ਡਾ. ਰੰਧਾਵਾ ਦਾ ਜਨਮ 2 ਫ਼ਰਵਰੀ, 1909 ਈ. ਨੂੰ ਸ. ਸ਼ੇਰ ਸਿੰਘ ਜੀ ਦੇ ਘਰ ਜ਼ੀਰਾ ਵਿਖੇ ਹੋਇਆ। ਉਹਨਾਂ ਦਾ ਜੱਦੀ ਪਿੰਡ ਬੋਦਲ਼ਾਂ, ਜ਼ਿਲ੍ਹਾ ਹੁਸ਼ਿਆਰਪੁਰ ਹੈ। ਆਪ ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ ਅਤੇ ਪੰਜਾਬ ਵਿੱਚ ਵੱਖ-ਵੱਖ ਉੱਚੇ ਅਹੁਦਿਆਂ 'ਤੇ ਕੰਮ ਕਰਦੇ ਰਹੇ ਤੇ ਫਿਰ ਆਪ ਨੂੰ ਚੰਡੀਗੜ੍ਹ ਦਾ ਮੁੱਖ ਕਮਿਸ਼ਨਰ ਲਾਇਆ ਗਿਆ। ਬਾਅਦ ਵਿੱਚ ਆਪ ਇੱਕ ਅਰਸੇ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਉਪ-ਕੁਲਪਤੀ ਬਣੇ। ਖੇਤੀਬਾੜੀ ਦੀ ਉੱਨਤੀ ਲਈ ਆਪ ਨੇ ਖੇਤੀ ਦੀ ਮਹਾਨਤਾ ਨੂੰ ਸਮਝਿਆ। ਉਹ ਦੁਆਬੇ ਦੀ ਠੇਠ ਪੰਜਾਬੀ ਬੋਲਦੇ ਸਨ।

**1. ਡਾ. ਮਹਿੰਦਰ ਸਿੰਘ ਰੰਧਾਵਾ ਕਿਹੋ-ਜਿਹੀ ਪ੍ਰਤਿਭਾ ਦੇ ਮਾਲਕ ਸਨ?**

ੳ. ਸਰਬਪੱਖੀ　　ਅ. ਬਹੁਪੱਖੀ

ੲ. ਵੱਡਮੁੱਲੀ　　ਸ. ਵਿਸ਼ਾਲ।

**2. ਡਾ. ਰੰਧਾਵਾ ਦੇ ਮਨ ਵਿੱਚ ਕੀ ਵੱਸਿਆ ਹੋਇਆ ਸੀ?**

ੳ. ਭਾਰਤ　　ਅ. ਲੋਕ

ੲ. ਪੰਜਾਬ　　ਸ. ਸ਼ਹਿਰ।

**3. ਡਾ. ਰੰਧਾਵਾ ਕੀ ਸਨ?**

ੳ. ਵਿਗਿਆਨੀ　　ਅ. ਡਾਕਟਰ

ੲ. ਇੰਜੀਨੀਅਰ　　ਸ. ਅਧਿਆਪਕ।

**4. ਡਾ. ਰੰਧਾਵਾ ਦਾ ਜੱਦੀ ਪਿੰਡ ਕਿਹੜਾ ਹੈ?**

ੳ. ਹੁਸ਼ਿਆਰਪੁਰ　　ਅ. ਬੋਦਲ਼ਾਂ

ੲ. ਮੁਕਤਸਰ　　ਸ. ਲੁਧਿਆਣਾ।

5. **ਡਾ. ਰੰਧਾਵਾ ਪੰਜਾਬੀ ਦੀ ਕਿਹੜੀ ਉਪਭਾਸ਼ਾ ਬੋਲਦੇ ਸਨ?**
   ੳ. ਮਲਵਈ　　　ਅ. ਦੁਆਬੀ
   ੲ. ਮਾਝੀ　　　ਸ. ਪੁਆਧੀ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਡਾ. ਰੰਧਾਵਾ ਜੀ ਮਿਹਨਤ ਦੇ ਕਦਰਦਾਨ ਸਨ। ਉਹਨਾਂ ਨੂੰ ਅਹਿਸਾਸ ਸੀ ਕਿ ਪੰਜਾਬ ਦਾ ਜ਼ਿਮੀਦਾਰ ਮਿਹਨਤ ਬਹੁਤ ਕਰਦਾ ਹੈ ਪਰ ਉਸ ਦੇ ਪੱਲੇ ਕੁਝ ਨਹੀਂ ਪੈਂਦਾ। ਉਹਨਾਂ ਦਾ ਮੰਨਣਾ ਸੀ ਕਿ ਪੰਜਾਬ ਵਿੱਚ ਖ਼ੁਸ਼ਹਾਲੀ ਤਾਂ ਹੀ ਆਵੇਗੀ ਜੇ ਇਸ ਦਾ ਜ਼ਿਮੀਦਾਰ ਖ਼ੁਸ਼ਹਾਲ ਹੋਵੇਗਾ। ਉਹਨਾਂ ਨੇ ਖੇਤੀਬਾੜੀ ਯੂਨੀਵਰਸਿਟੀ ਵਿੱਚ ਇੱਕ ਵਿਭਾਗ ਕਾਇਮ ਕੀਤਾ ਜੋ ਫ਼ਸਲਾਂ ਸੰਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਦੇਣ ਵਾਲ਼ਾ ਸਾਹਿਤ ਛਾਪ ਕੇ ਕਿਸਾਨਾਂ ਵਿੱਚ ਮੁਫ਼ਤ ਵੰਡਦਾ ਸੀ। ਰੰਧਾਵਾ ਜੀ ਦੀਆਂ ਕੋਸ਼ਸ਼ਾਂ ਨਾਲ਼ ਹੀ ਕਿਸਾਨ ਮੇਲੇ ਹੁਣ ਤੱਕ ਅਮਲੀ ਰੂਪ ਵਿੱਚ ਲੱਗਦੇ ਹਨ। ਜ਼ਿਮੀਦਾਰ ਦੀ ਆਮਦਨ ਵਧਾਉਣ ਲਈ ਖੇਤੀਬਾੜੀ ਦੇ ਨਾਲ਼-ਨਾਲ਼ ਸਹਾਇਕ ਕਿੱਤਿਆਂ ਦੀ ਸਿਖਲਾਈ ਵੀ ਮੁਫ਼ਤ ਦਿੱਤੀ ਜਾਂਦੀ ਹੈ। ਰੰਧਾਵਾ ਜੀ ਦੀ ਸ਼ਖ਼ਸੀਅਤ ਦਾ ਦੂਜਾ ਅਹਿਮ ਪੱਖ ਪੰਜਾਬ ਦੇ ਸੱਭਿਆਚਾਰ ਤੇ ਸਾਹਿਤ ਦੀ ਪ੍ਰਫੁਲਿਤਾ ਨਾਲ਼ ਜੁੜਿਆ ਹੋਇਆ ਹੈ। ਰੰਧਾਵਾ ਜੀ ਸਪਸ਼ਟ ਸਨ ਕਿ ਪੱਛਮ ਦੀ ਰੋਸ਼ਨੀ ਪੰਜਾਬ ਦੇ ਘਰਾਂ ਦੀਆਂ ਅੰਦਰਲੀਆਂ ਨੁੱਕਰਾਂ ਤੱਕ ਪਹੁੰਚ ਰਹੀ ਹੈ। ਉਹਨਾਂ ਨੂੰ ਵਿਸ਼ਵਾਸ ਸੀ ਕਿ ਚੱਕੀ, ਚਿਮਟਾ, ਚਰਖਾ, ਪੀੜ੍ਹੀਆਂ ਤੇ ਮੂੜ੍ਹੇ ਛੇਤੀ-ਛੇਤੀ ਸਾਡੀ ਜ਼ਿੰਦਗੀ ਵਿੱਚੋਂ ਨਿਕਲ਼ ਜਾਣਗੇ ਤੇ ਜੇ ਇਹ ਲਾਪਰਵਾਹੀ ਵਿੱਚ ਅਲੋਪ ਹੋ ਗਏ ਤਾਂ ਪੰਜਾਬੀਆਂ ਦਾ ਅਮੀਰ ਵਿਰਸਾ ਲੋਪ ਹੋ ਜਾਵੇਗਾ।

6. **ਡਾ. ਰੰਧਾਵਾ ਕਿਸ ਦੇ ਕਦਰਦਾਨ ਸਨ?**
   ੳ. ਕਿਸਾਨ ਦੇ　　　ਅ. ਮਿਹਨਤ ਦੇ
   ੲ. ਅਹਿਸਾਸ ਦੇ　　　ਸ. ਵਿਗਿਆਨ ਦੇ।
7. **ਜ਼ਿਮੀਦਾਰ ਦੀ ਖ਼ੁਸ਼ਹਾਲੀ ਨਾਲ਼ ਕੀ ਹੋਵੇਗਾ?**
   ੳ. ਯੂਨੀਵਰਸਿਟੀਆਂ ਬਣਨਗੀਆਂ　　　ਅ. ਪੰਜਾਬ ਖ਼ੁਸ਼ਹਾਲ ਹੋਵੇਗਾ
   ੲ. ਲੋਕ ਗ਼ਰੀਬ ਹੋਣਗੇ　　　ਸ. ਉਪਰੋਕਤ ਵਿੱਚੋਂ ਕੋਈ ਨਹੀਂ।
8. **ਡਾ. ਰੰਧਾਵਾ ਨੇ ਕਿਹੜਾ ਵਿਭਾਗ ਸਥਾਪਿਤ ਕੀਤਾ?**
   ੳ. ਫ਼ਸਲਾਂ ਦੀ ਜਾਣਕਾਰੀ ਸੰਬੰਧੀ　　　ਅ. ਮੁਫ਼ਤ ਸਾਹਿਤ ਵੰਡਣ ਵਾਲ਼ਾ
   ੲ. ੳ ਅਤੇ ਅ ਦੋਵੇਂ ਸਹੀ　　　ਸ. ਉਪਰੋਕਤ ਵਿੱਚੋਂ ਕੋਈ ਨਹੀਂ।
9. **ਡਾ. ਰੰਧਾਵਾ ਦੀ ਸ਼ਖ਼ਸੀਅਤ ਦਾ ਦੂਜਾ ਪੱਖ ਕਿਹੜਾ ਸੀ?**
   ੳ. ਕਿਸਾਨੀ　　　ਅ. ਸਾਹਿਤਕ ਤੇ ਸੱਭਿਆਚਾਰਿਕ
   ੲ. ਪੱਛਮੀ ਸੱਭਿਆਚਾਰ　　　ਸ. ਪ੍ਰਫੁਲਿਤਾ।
10. **ਸਾਡੀ ਜ਼ਿੰਦਗੀ ਵਿੱਚੋਂ ਕੀ ਅਲੋਪ ਹੋ ਰਿਹਾ ਹੈ?**
   ੳ. ਚੱਕੀ ਤੇ ਚਰਖਾ　　　ਅ. ਚਿਮਟਾ
   ੲ. ਪੀੜ੍ਹੀਆਂ ਤੇ ਮੂੜ੍ਹੇ　　　ਸ. ਉਪਰੋਕਤ ਸਾਰੇ।

## ਪਾਠ-13 (ਧਰਤੀ)

➢ **ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :**

1. **ਲਾਟੂ ਵਾਂਗੂੰ ਧੁਰੀ ਦੁਆਲ਼ੇ, ਰਹਾਂ ਘੁੰਮਦੀ ਆਪਣੀ ਚਾਲੇ।**
   **ਘੁੰਮਣ ਕਾਰਨ ਦਿਨ ਤੇ ਰਾਤ, ਵਾਰੋ-ਵਾਰੀ ਮਾਰਨ ਝਾਤ।**
   **ਭਾਵ-ਅਰਥ :** ਧਰਤੀ ਆਪਣੀ ਹੀ ਧੁਰੀ ਦੁਆਲ਼ੇ ਲਗਾਤਾਰ ਘੁੰਮਦੀ ਹੈ। ਉਸ ਦੇ ਇਸ ਤਰ੍ਹਾਂ ਘੁੰਮਣ ਕਾਰਨ ਹੀ ਦਿਨ ਅਤੇ ਰਾਤ ਬਣਦੇ ਹਨ।

2. **ਇਹ ਹੈ ਮੇਰੀ ਕਥਾ-ਕਹਾਣੀ, ਮੈਂ ਸੂਰਜ ਦੀ ਬੇਟੀ-ਰਾਣੀ।**
   **ਆਖਣ ਲੋਕੀ ਧਰਤੀ-ਮਾਂ, ਮੈਂ ਤਾਂ ਰੈਣ-ਬਸੇਰਾ ਹਾਂ।**

**ਭਾਵ-ਅਰਥ :** ਧਰਤੀ ਦੀ ਸੰਪੂਰਨ ਕਹਾਣੀ ਇਹ ਹੈ ਕਿ ਧਰਤੀ ਸੂਰਜ ਦੀ ਪਿਆਰੀ ਧੀ ਹੈ। ਲੋਕ ਉਸ ਨੂੰ ਧਰਤੀ ਮਾਂ ਆਖਦੇ ਹਨ, ਪਰ ਧਰਤੀ ਉਨ੍ਹਾਂ ਦੀ ਥੋੜ੍ਹੇ ਚਿਰ ਲਈ ਰਹਿਣ ਦੀ ਥਾਂ ਹੈ।

**3. ਹੋਂਦ ਮੇਰੀ ਏ ਬੜੀ ਪੁਰਾਣੀ, ਇਹ ਵੀ ਹੈ ਇੱਕ ਅਜਬ ਕਹਾਣੀ।**
**ਦਿਸਦੀ ਹਾਂ ਮਿੱਟੀ ਦੀ ਢੇਰੀ, ਸ਼ਕਲ ਹੋਰ ਸੀ ਪਹਿਲਾਂ ਮੇਰੀ।**

................................................................................................................
................................................................................................................
................................................................................................................

**4. ਮੈਂ ਸੂਰਜ ਤੋਂ ਹੋਈ ਪੈਦਾ, ਦੁਆਲ਼ੇ ਘੁੰਮਣਾ ਪੱਕਾ ਕਾਇਦਾ।**
**ਗਰਮੀ, ਮੀਂਹ, ਬਸੰਤ, ਸਿਆਲ਼, ਆ ਕੇ ਪੁੱਛਣ ਮੇਰਾ ਹਾਲ।**

................................................................................................................
................................................................................................................
................................................................................................................

**5. ਭਖਦੀਆਂ ਗੈਸਾਂ ਦਾ ਸੀ ਗੋਲ਼ਾ, ਦਗਦਾ ਜਿਉਂ ਭੱਠੀ ਵਿੱਚ ਕੋਲਾ।**
**ਬੀਤੇ ਵਰ੍ਹੇ ਕਈ ਲੱਖ-ਹਜ਼ਾਰ, ਠੰਢੀ ਹੋ ਗਈ ਆਖ਼ਰਕਾਰ।**

................................................................................................................
................................................................................................................
................................................................................................................

## ਪਾਠ-14 (ਸਾਂਝੀ ਮਾਂ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਕਸ਼ਮੀਰ ਦੀ ਲੜਾਈ, ਪੰਜਾਬ ਕੌਰ ਲਈ ਚਾਂਦਮਾਰੀ ਤੋਂ ਵਧੇਰੇ ਵਿਸ਼ੇਸ਼ਤਾ ਨਹੀਂ ਸੀ ਰੱਖਦੀ। ਉੱਥੋਂ ਦੀ ਗੋਲ਼ਾਬਾਰੀ, ਤੋਪਾਂ ਦੇ ਫ਼ਾਇਰ ਤੇ ਟੈਂਕਾਂ ਦੀ ਗਰਜ ਪੰਜਾਬ ਕੌਰ ਦੀ ਨਿਤਾਪ੍ਰਤੀ ਜੀਵਨ ਵਿੱਚ ਕੋਈ ਵਿਘਨ ਨਾ ਪਾ ਸਕੇ। ਉਹ ਘਰ ਵਿਚ ਰੋਜ਼ ਵਾਂਗ ਸਵੇਰੇ ਉੱਠ ਕੇ ਇਸ਼ਨਾਨ ਕਰਦੀ, ਚਾਹ ਬਣਾਉਂਦੀ, ਆਟਾ ਗੁੰਨ੍ਹਦੀ, ਰੋਟੀਆਂ ਲਾਹੁੰਦੀ ਤੇ ਹਾਲ਼ੀਆਂ ਨੂੰ ਕੰਮ ਲਈ ਤੋਰ ਦਿੰਦੀ। ਰੇਡੀਓ ਉੱਤੇ ਖ਼ਬਰ ਆਉਂਦੀ ਕਿ ਭਾਰਤੀ ਸੈਨਾ ਅੱਗੇ ਵਧ ਰਹੀ ਹੈ, ਪੰਜਾਬ ਕੌਰ ਸੁਣ ਛੱਡਦੀ। ਅਸਲ ਵਿੱਚ ਜੰਗ ਨੂੰ ਪੰਜਾਬ ਕੌਰ ਅਭਿਆਸ ਤੋਂ ਵਧੇਰੇ ਵਿਸ਼ੇਸ਼ਤਾ ਨਹੀਂ ਸੀ ਦਿੰਦੀ। ਅਭਿਆਸ ਦਾ ਹਰਜ ਵੀ ਕੀ ਹੈ? ਸਾਰੇ ਖਿਡਾਰੀ ਖੇਡਣ ਤੋਂ ਪਹਿਲਾਂ ਅਭਿਆਸ ਕਰਦੇ ਹਨ। ਦੌੜਨ ਵਾਲੇ ਦੌੜਦੇ ਹਨ, ਘੁਲ਼ਨ ਵਾਲ਼ੇ ਘੁਲ਼ਦੇ ਹਨ। ਸਾਗਰਾਂ ਦੇ ਤਾਰੂ, ਰੇਸ ਦੇ ਘੋੜੇ, ਸਾਰੇ ਲੜਨ ਲਈ ਤਿਆਰ ਰੱਖੇ ਜਾਂਦੇ ਹਨ। ਸਾਰੇ ਖੇਡ ਅਭਿਆਸ ਨਾਲ਼ ਹੀ ਜਿੱਤਦੇ ਹਨ, ਪੰਜਾਬ ਕੌਰ ਸੋਚਦੀ।

**1. ਲੜਾਈ ਕਿੱਥੇ ਹੋ ਰਹੀ ਸੀ?**
ੳ. ਖੇਡ ਦੇ ਮੈਦਾਨ ਵਿੱਚ — ਅ. ਕਸ਼ਮੀਰ ਵਿੱਚ
ੲ. ਪੰਜਾਬ ਵਿੱਚ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**2. ਚਾਂਦਮਾਰੀ ਤੋਂ ਕੀ ਭਾਵ ਹੈ?**
ੳ. ਅਭਿਆਸ — ਅ. ਲੜਾਈ
ੲ. ਉਪਰੋਕਤ ਦੋਨੋਂ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**3. ਲੜਾਈ ਦਾ ਪੰਜਾਬ ਕੌਰ ਦੇ ਨਿਤਾਪ੍ਰਤੀ ਜੀਵਨ 'ਤੇ ਕੀ ਅਸਰ ਪਿਆ?**
ੳ. ਉਸ ਨੇ ਸਵੇਰੇ ਉੱਠਣਾ ਬੰਦ ਕਰ ਦਿੱਤਾ ਸੀ — ਅ. ਹਾਲ਼ੀਆਂ ਨੂੰ ਕੰਮ 'ਤੇ ਤੋਰਨਾ ਛੱਡ ਦਿੱਤਾ ਸੀ
ੲ. ਰੋਟੀ ਬਣਾਉਣੀ ਬੰਦ ਕਰ ਦਿੱਤੀ ਸੀ — ਸ. ਕੋਈ ਵਿਘਨ ਨਾ ਪਿਆ।

**4. ਪੰਜਾਬ ਕੌਰ ਨਿਤਾਪ੍ਰਤੀ ਕੀ ਕੰਮ ਕਰਦੀ ਸੀ?**

ੳ. ਇਸ਼ਨਾਨ ਕਰਦੀ
ਅ. ਚਾਹ ਬਣਾਉਂਦੀ
ੲ. ਰੋਟੀ ਲਾਹੁੰਦੀ
ਸ. ਉਪਰੋਕਤ ਸਾਰੇ।

**5. ਕੌਣ ਅੱਗੇ ਵਧ ਰਹੇ ਸੀ?**
ੳ. ਪੰਜਾਬੀ ਸੈਨਿਕ
ਅ. ਦੌੜਨ ਵਾਲ਼ੇ ਖਿਡਾਰੀ
ੲ. ਭਾਰਤੀ ਸੈਨਿਕ
ਸ. ਘੋਲ਼ ਘੁਲ਼ਨ ਵਾਲ਼ੇ।

> **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸ਼ਹਿਰ ਦੇ ਨੇੜੇ ਖੇਤਾਂ ਵਿੱਚ ਬੰਬ ਡਿੱਗਣੇ ਸ਼ੁਰੂ ਹੋ ਗਏ। ਕੁਝ ਫਟ ਜਾਂਦੇ ਤੇ ਕੁਝ ਨਾ ਹੀ ਫਟਦੇ। ਨਾ ਫਟਣ ਵਾਲ਼ਿਆਂ ਦਾ ਭੈ ਫਟ ਚੁੱਕਿਆਂ ਨਾਲ਼ੋਂ ਵਧੇਰੇ ਸੀ। ਪਤਾ ਨਹੀਂ ਕਦੋਂ ਫਟ ਜਾਏ। ਇੱਕ ਜ਼ਹਿਰੀਲੀ ਗੈਸ ਦਾ ਬੰਬ, ਪੰਜਾਬ ਕੌਰ ਦੇ ਦਰਾਂ ਅੱਗੇ ਆਣ ਡਿਗਿਆ ਸੀ। ਉਸ ਨੇ ਦੇਖਿਆ ਕਿ ਹਰਿਆਈ ਇਸ ਦੇ ਸੇਕ ਨਾਲ਼ ਹੀ ਫੂਸ ਬਣ ਗਈ ਸੀ। ਸ਼ਾਮ ਤੱਕ ਪੰਜਾਬ ਕੌਰ ਦਾ ਸਾਰਾ ਗੁਆਂਢ ਖ਼ਾਲੀ ਹੋ ਗਿਆ। ਜਿਹੜੇ ਪਿੱਛੇ ਰਹਿ ਗਏ ਸਨ, ਉਹ ਵੀ ਜਿਊਂਦੇ ਨਹੀਂ ਸਨ ਜਾਪਦੇ। ਸਾਰੀ ਧਰਤੀ ਕਬਰਸਤਾਨ ਬਣ ਗਈ ਸੀ। ਪੰਜਾਬ ਕੌਰ ਦੇ ਜੇ ਕੋਈ ਸਾਥੀ ਸਨ ਤਾਂ ਨਾਲ਼ ਦੇ ਖੇਤਾਂ ਵਿੱਚ ਤੋਪ ਵਾਲ਼ੇ ਤੋਪਚੀ। ਉਹ ਵੇਲ਼ੇ-ਕੁਵੇਲ਼ੇ ਪੰਜਾਬ ਕੌਰ ਕੋਲ਼ ਆ ਬੈਠਦੇ। ਉਹ ਜੰਗ ਦੀਆਂ ਖ਼ਬਰਾਂ ਦਿੰਦੇ, ਜਿੱਤ ਦਾ ਅਹਿਸਾਸ ਕਰਵਾਉਂਦੇ ਤੇ ਧਰਵਾਸ ਦੇ ਕੇ ਚਲੇ ਜਾਂਦੇ। ਉਹ ਵੀ ਤੋਪਚੀਆਂ ਨੂੰ ਚਾਹ ਪਿਆਉਂਦੀ, ਪਿਆਰ ਦਿੰਦੀ ਤੇ ਸ਼ੇਰ-ਬੱਚੇ ਆਖ ਕੇ ਪੁਕਾਰਦੀ।

**6. ਬੰਬ ਕਿੱਥੇ ਡਿਗਣੇ ਸ਼ੁਰੂ ਹੋਏ?**
ੳ. ਕਬਰਸਤਾਨ ਦੇ ਨੇੜੇ
ਅ. ਸ਼ਹਿਰ ਦੇ ਨੇੜੇ
ੲ. ਖੇਤਾਂ ਦੇ ਨੇੜੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਤੋਪਚੀਆਂ ਨੇ ਤੋਪਾਂ ਕਿੱਥੇ ਲਗਾਈਆਂ ਹੋਈਆਂ ਸਨ?**
ੳ. ਕਬਰਸਤਾਨ ਵਿੱਚ
ਅ. ਪੰਜਾਬ ਕੌਰ ਦੇ ਦਰਾਂ ਵਿੱਚ
ੲ. ਖੇਤਾਂ ਵਿੱਚ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਕਿਹੜੇ ਬੰਬਾਂ ਦਾ ਡਰ ਵਧੇਰੇ ਸੀ?**
ੳ. ਫਟ ਚੁੱਕਿਆਂ ਦਾ
ਅ. ਨਾ ਫਟਣ ਵਾਲ਼ਿਆਂ ਦਾ
ੲ. ਦੋਵਾਂ ਵਿੱਚੋਂ ਕਿਸੇ ਦਾ ਨਹੀਂ
ਸ. ਉਪਰੋਕਤ ੳ ਅਤੇ ਅ ਦੋਵਾਂ ਦਾ।

**9. ਪੰਜਾਬ ਕੌਰ ਦੇ ਦਰਾਂ ਅੱਗੇ ਕੀ ਡਿਗਿਆ ਸੀ?**
ੳ. ਜ਼ਹਿਰੀਲੀ ਗੈਸ ਦਾ ਬੰਬ
ਅ. ਤੋਪ
ੲ. ਅਣ ਫਟਿਆ ਬੰਬ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**10. ਸਾਰੀ ਧਰਤੀ ਕੀ ਬਣ ਗਈ ਸੀ?**
ੳ. ਸ਼ਹਿਰ ਬਣ ਗਈ ਸੀ
ਅ. ਪਿੰਡ ਬਣ ਗਈ ਸੀ
ੲ. ਖੇਤ ਬਣ ਗਈ ਸੀ
ਸ. ਕਬਰਸਤਾਨ ਬਣ ਗਈ ਸੀ।

## ਪਾਠ-15 (ਰਾਬਿੰਦਰ ਨਾਥ ਟੈਗੋਰ)

> **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਹਰ ਸਕੂਲ ਦੀ ਸਵੇਰ ਦੀ ਸਭਾ ਵਿੱਚ 'ਜਨ-ਗਣ-ਮਨ' ਗਾਇਆ ਜਾਂਦਾ ਹੈ। ਇਹ ਸਾਡਾ ਰਾਸ਼ਟਰੀ ਗਾਨ ਹੈ। ਇਸ ਦੇ ਲੇਖਕ ਰਾਬਿੰਦਰ ਨਾਥ ਟੈਗੋਰ ਹਨ। ਟੈਗੋਰ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਲਿਖਦੇ ਸਨ। ਇੱਕ ਪ੍ਰਸਿੱਧ ਲੇਖਕ ਦੇ ਨਾਤੇ ਉਹਨਾਂ ਨੂੰ ਗੁਰੂਦੇਵ ਟੈਗੋਰ ਕਿਹਾ ਜਾਂਦਾ ਸੀ। ਰਾਬਿੰਦਰ ਨਾਥ ਟੈਗੋਰ ਦਾ ਜਨਮ 7 ਮਈ, 1861 ਈ. ਵਿੱਚ ਕੋਲਕਾਤਾ ਵਿਖੇ ਹੋਇਆ। ਉਹਨਾਂ ਦੇ ਮਾਤਾ-ਪਿਤਾ ਬਹੁਤ ਅਮੀਰ ਸਨ। ਟੈਗੋਰ ਦਾ ਪਾਲਣ-ਪੋਸਣ ਰਾਜਕੁਮਾਰਾਂ ਦੀ ਤਰ੍ਹਾਂ ਹੋਇਆ। ਉਹਨਾਂ ਦਾ ਘਰ ਰਾਜਮਹੱਲ ਵਰਗਾ ਸੀ। ਟੈਗੋਰ ਦੇ ਤੇਰਾਂ ਭੈਣ-ਭਰਾ ਉਹਨਾਂ ਤੋਂ ਵੱਡੇ ਸਨ। ਜਦੋਂ ਉਹਨਾਂ ਨੂੰ ਸਕੂਲ ਪੜ੍ਹਨ ਪਾਇਆ ਗਿਆ ਤਾਂ ਸਕੂਲ ਵਿੱਚ ਉਹਨਾਂ ਦਾ ਮਨ ਨਾ ਲੱਗਿਆ। ਉਹ ਸਕੂਲ ਨਾ ਜਾਣ ਲਈ ਕੋਈ ਨਾ ਕੋਈ ਬਹਾਨਾ ਘੜ ਲੈਂਦੇ। ਮਾਤਾ-ਪਿਤਾ ਨੇ ਉਹਨਾਂ ਦੀ ਪੜ੍ਹਾਈ ਦਾ ਪ੍ਰਬੰਧ ਘਰ ਵਿੱਚ ਹੀ ਕਰ ਦਿੱਤਾ। ਗਿਆਰਾਂ ਸਾਲ ਦੀ ਉਮਰ ਵਿੱਚ ਪਿਤਾ ਜੀ ਨਾਲ਼ ਉਹ ਕਈ ਤੀਰਥ-ਅਸਥਾਨਾਂ ਅਤੇ ਵੇਖਣਯੋਗ ਥਾਂਵਾਂ 'ਤੇ ਘੁੰਮਦੇ ਹੋਏ ਪੰਜਾਬ ਵਿੱਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ

ਅੰਮ੍ਰਿਤਸਰ ਸਾਹਿਬ ਵੀ ਗਏ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਵਾਤਾਵਰਨ ਦਾ ਉਹਨਾਂ ਦੇ ਮਨ ਉੱਤੇ ਬਹੁਤ ਅਸਰ ਹੋਇਆ। ਉਹ ਕਿੰਨਾ-ਕਿੰਨਾ ਚਿਰ ਮੰਤਰ-ਮੁਗਧ ਹੋ ਕੇ ਕੀਰਤਨ ਸੁਣਦੇ।

**1. 'ਜਨ-ਗਣ-ਮਨ' ਦਾ ਲੇਖਕ ਕੌਣ ਹੈ?**
ੳ. ਰਾਬਿੰਦਰ ਨਾਥ ਟੈਗੋਰ | ਅ. ਮਹਾਤਮਾ ਗਾਂਧੀ
ੲ. ਜਵਾਹਰ ਲਾਲ ਨਹਿਰੂ | ਸ. ਲਾਲਾ ਲਾਜਪਤ ਰਾਏ।

**2. ਰਾਬਿੰਦਰ ਨਾਥ ਟੈਗੋਰ ਦਾ ਜਨਮ ਕਦੋਂ ਹੋਇਆ?**
ੳ. 7 ਮਈ, 1761 | ਅ. 7 ਮਈ, 1861
ੲ. 9 ਮਈ, 1861 | ਸ. 9 ਮਈ, 1761

**3. ਟੈਗੋਰ ਦਾ ਬਚਪਨ ਦਾ ਘਰ ਕਿਹੋ-ਜਿਹਾ ਸੀ?**
ੳ. ਰਾਜਮਹੱਲ ਵਰਗਾ | ਅ. ਕਿਲ੍ਹੇ ਵਰਗਾ
ੲ. ਹਵੇਲੀ ਵਰਗਾ | ਸ. ਝੌਂਪੜੀ ਵਰਗਾ।

**4. ਟੈਗੋਰ ਦਾ ਮਨ ਕਿੱਥੇ ਨਹੀਂ ਲੱਗਾ?**
ੳ. ਘਰ ਵਿੱਚ | ਅ. ਪਾਰਕ ਵਿੱਚ
ੲ. ਸਕੂਲ ਵਿੱਚ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

**5. ਕਿੱਥੋਂ ਦੇ ਵਾਤਾਵਰਨ ਦਾ ਰਾਬਿੰਦਰ ਨਾਥ ਟੈਗੋਰ ਦੇ ਮਨ 'ਤੇ ਬਹੁਤ ਅਸਰ ਹੋਇਆ?**
ੳ. ਪੰਜਾਬ ਦੇ | ਅ. ਹਰਿਮੰਦਰ ਸਾਹਿਬ ਦੇ
ੲ. ਤੀਰਥ-ਅਸਥਾਨਾਂ ਦੇ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਟੈਗੋਰ ਨੇ ਆਪਣੀ ਸਕੂਲੀ-ਵਿੱਦਿਆ ਕੁਦਰਤ ਦੇ ਅੰਗ-ਸੰਗ ਰਹਿੰਦਿਆਂ ਹੀ ਪੂਰੀ ਕੀਤੀ। ਰਾਬਿੰਦਰ ਨਾਥ ਟੈਗੋਰ ਪੜ੍ਹਨ ਲਈ ਇੰਗਲੈਂਡ ਵੀ ਗਏ ਪਰ ਛੇਤੀ ਹੀ ਉਹ ਭਾਰਤ ਪਰਤ ਆਏ। ਟੈਗੋਰ ਦਾ ਵਿਆਹ 1833 ਈ. ਵਿੱਚ ਮ੍ਰਿਣਾਲਿਨੀ ਨਾਲ਼ ਹੋਇਆ। ਉਦੋਂ ਟੈਗੋਰ ਦੀ ਆਯੂ 22 ਸਾਲ ਸੀ। ਉਹਨਾਂ ਦੀ ਮਾਤ-ਭਾਸ਼ਾ ਬੰਗਲਾ ਸੀ। ਉਹ ਬੰਗਲਾ ਭਾਸ਼ਾ ਵਿੱਚ ਹੀ ਲਿਖਦੇ ਸਨ। 1913 ਵਿੱਚ ਗੁਰੂਦੇਵ ਟੈਗੋਰ ਦੀਆਂ ਕਵਿਤਾਵਾਂ ਦੀ ਪੁਸਤਕ 'ਗੀਤਾਂਜਲੀ' ਲਈ ਉਹਨਾਂ ਨੂੰ ਸੰਸਾਰ ਦਾ ਸਭ ਤੋਂ ਵੱਡਾ ਸਾਹਿਤਕ ਇਨਾਮ 'ਨੋਬਲ ਪੁਰਸਕਾਰ' ਮਿਲ਼ਿਆ।ਇਹ ਕਾਵਿ-ਪੁਸਤਕ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਕੀਤੀ ਗਈ। ਟੈਗੋਰ ਵਧੀਆ ਅਧਿਆਪਕ ਵੀ ਸਨ। ਉਹ ਚਾਹੁੰਦੇ ਸਨ ਕਿ ਵਿਦਿਆਰਥੀ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਪੜ੍ਹਾਈ ਕਰਨ। ਇਸ ਮੰਤਵ ਦੀ ਪੂਰਤੀ ਲਈ ਗੁਰੂਦੇਵ ਟੈਗੋਰ ਨੇ 'ਸ਼ਾਂਤੀ ਨਿਕੇਤਨ' ਨਾਂ ਦੀ ਪਾਠਸ਼ਾਲਾ ਬਣਾਈ। ਇਸ ਪਾਠਸ਼ਾਲਾ ਵਿੱਚ ਕਮਰੇ ਨਹੀਂ ਸਨ। ਵਿਦਿਆਰਥੀ ਰੁੱਖਾਂ ਹੇਠ ਬੈਠ ਕੇ ਪੜ੍ਹਦੇ ਸਨ। ਇੱਥੇ ਸਾਹਿਤ, ਕਲਾ, ਸੰਗੀਤ, ਚਿੱਤਰਕਾਰੀ ਤੇ ਭਾਰਤੀ ਸੱਭਿਆਚਾਰ ਦੀ ਸਿੱਖਿਆ ਦਿੱਤੀ ਜਾਂਦੀ ਸੀ। ਹੁਣ ਇਹ ਸੰਸਥਾ 'ਵਿਸ਼ਵਭਾਰਤੀ' ਨਾਂ ਦੀ ਯੂਨੀਵਰਸਿਟੀ ਬਣ ਗਈ ਹੈ।ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ 1913 ਈ. ਵਿੱਚ 'ਸਰ' ਦਾ ਖ਼ਿਤਾਬ ਦਿੱਤਾ। ਇਸ ਮਹਾਨ ਸਾਹਿਤਕਾਰ ਦਾ 80 ਸਾਲ ਦੀ ਉਮਰ ਭੋਗ ਕੇ 1941 ਈ. ਵਿੱਚ ਦਿਹਾਂਤ ਹੋ ਗਿਆ। ਸਮਾਜ ਨੂੰ ਸੇਧ ਦੇਣ ਵਾਲ਼ੀਆਂ ਉਹਨਾਂ ਦੀਆਂ ਲਿਖਤਾਂ ਸਾਨੂੰ ਗੁਰੂਦੇਵ ਟੈਗੋਰ ਦੀ ਸਦਾ ਯਾਦ ਦਿਵਾਉਂਦੀਆਂ ਰਹਿਣਗੀਆਂ।

**6. ਰਾਬਿੰਦਰ ਨਾਥ ਟੈਗੋਰ ਦੀ ਮਾਤ-ਭਾਸ਼ਾ ਕਿਹੜੀ ਸੀ?**
ੳ. ਪੰਜਾਬੀ | ਅ. ਹਿੰਦੀ
ੲ. ਮਰਾਠੀ | ਸ. ਬੰਗਲਾ।

**7. ਰਾਬਿੰਦਰ ਨਾਥ ਟੈਗੋਰ ਨੂੰ ਕਿਹੜਾ ਸੰਸਾਰ ਪ੍ਰਸਿੱਧ ਪੁਰਸਕਾਰ ਮਿਲ਼ਿਆ ਸੀ?**
ੳ. ਭਾਰਤ ਰਤਨ | ਅ. ਨੋਬਲ ਪੁਰਸਕਾਰ
ੲ. ਪਦਮ ਸ੍ਰੀ | ਸ. ਪਦਮ ਭੂਸ਼ਣ।

**8. ਟੈਗੋਰ ਦੀ ਪਾਠਸ਼ਾਲਾ ਦਾ ਕੀ ਨਾਂ ਸੀ?**
ੳ. ਸ਼ਾਂਤੀ ਨਿਕੇਤਨ | ਅ. ਆਰਤੀ ਨਿਕੇਤਨ
ੲ. ਪੂਜਾ ਨਿਕੇਤਨ | ਸ. ਭਾਰਤੀ ਨਿਕੇਤਨ।

**9. ਟੈਗੋਰ ਦੀ ਪਾਠਸ਼ਾਲਾ ਦਾ ਅਜੋਕਾ ਨਾਂ ਕੀ ਹੈ?**

ੳ. ਵਿਸ਼ਵਭਾਰਤੀ ਯੂਨੀਵਰਸਿਟੀ
ਅ. ਕੋਲਕਾਤਾ ਯੂਨੀਵਰਸਿਟੀ
ੲ. ਦਿੱਲੀ ਯੂਨੀਵਰਸਿਟੀ
ਸ. ਪੰਜਾਬੀ ਯੂਨੀਵਰਸਿਟੀ।

**10. ਟੈਗੋਰ ਨੂੰ ਅੰਗਰੇਜ਼ ਸਰਕਾਰ ਨੇ ਕਿਹੜਾ ਖ਼ਿਤਾਬ ਦਿੱਤਾ ਸੀ?**

ੳ. ਡਾਕਟਰ ਦਾ
ਅ. ਸਰ ਦਾ
ੲ. ਮੇਜਰ ਦਾ
ਸ. ਗਵਰਨਰ ਦਾ।

## ਪਾਠ-16 (ਗੁਲਾਬ ਦੀ ਫ਼ਸਲ)

➢ **ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :**

**1. ਜਦੋਂ ਅੰਬਾਂ ਨੂੰ ਲੱਗਿਆ ਬੂਰ ਹੋਵੇ, ਕੋਇਲ ਆਣ ਕੇ ਓਸ ਥਾਂ ਚਹਿਕਦੀ ਹੈ।**
**ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ, ਉੱਥੇ ਫ਼ਸਲ ਗੁਲਾਬ ਦੀ ਮਹਿਕਦੀ ਹੈ।**

**ਭਾਵ-ਅਰਥ :** ਜਿਸ ਧਰਤੀ 'ਤੇ ਸ਼ਹੀਦਾਂ ਦਾ ਖ਼ੂਨ ਡੁੱਲ੍ਹਦਾ ਹੈ, ਉੱਥੇ ਗੁਲਾਬ ਦੀ ਫ਼ਸਲ ਮਹਿਕਦੀ ਹੈ। ਦੇਸ ਕੌਮ ਖ਼ਾਤਰ ਦਿੱਤੀ ਗਈ ਕੁਰਬਾਨੀ ਕਦੇ ਅਜਾਈਂ ਨਹੀਂ ਜਾਂਦੀ।

**2. ਸਾਡੀ ਪਿੱਠ 'ਤੇ ਖੜ੍ਹਾ ਇਤਿਹਾਸ ਸਾਡਾ, ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ।**
**ਅਸੀਂ ਜਾਣਦੇ ਕਿੰਵ ਕੁਰਬਾਨ ਹੋਣਾ, ਸੋਹਣੇ ਦੇਸ ਦੀ ਇੱਕ ਵੀ ਮੰਗ ਉੱਤੇ।**

**ਭਾਵ-ਅਰਥ :** ਸਿੱਖਾਂ ਦਾ ਇਤਿਹਾਸ ਸੂਰਬੀਰਤਾ, ਅਣਖ, ਸਿਦਕ ਤੇ ਧਰਮ ਵਿੱਚ ਦ੍ਰਿੜ੍ਹ ਰਹਿ ਕੇ ਸ਼ਹੀਦੀਆਂ ਪਾਉਣ ਦਾ ਇਤਿਹਾਸ ਹੈ। ਸਾਨੂੰ ਆਪਣੇ ਸ਼ਹੀਦਾਂ 'ਤੇ ਮਾਣ ਹੈ। ਸ਼ਹੀਦਾਂ ਨੇ ਸਾਨੂੰ ਦੱਸਿਆ ਹੈ ਕਿ ਜਦੋਂ ਦੇਸ ਨੂੰ ਕੁਰਬਾਨੀ ਦੀ ਲੋੜ ਹੋਵੇ ਤਾਂ ਕਿਵੇਂ ਨਿਡਰਤਾ ਨਾਲ਼ ਕੁਰਬਾਨ ਹੋਣਾ ਹੈ।

**3. ਸੀਸ ਗੰਜ ਤੇ ਗੜ੍ਹੀ ਚਮਕੌਰ ਵਾਲ਼ੀ, ਸਾਨੂੰ ਅੱਜ ਵੀ ਜੂਝਣਾ ਦੱਸਦੇ ਨੇ।**
**ਜਾ ਕੇ ਪੁੱਛ ਲਓ ਕੰਧ ਸਰਹਿੰਦ ਦੀ ਨੂੰ, ਬਾਲ ਚਿਣੇ ਹੋਏ ਕਿੱਦਾਂ ਹੱਸਦੇ ਨੇ।**

..........................................................................................................
..........................................................................................................
..........................................................................................................

**4. ਟੋਟੇ ਜਿਗਰ ਦੇ ਸਾਹਮਣੇ ਕਰਨ ਟੋਟੇ, ਮਾਂਵਾਂ ਡੱਕਰੇ ਝੋਲ਼ੀ ਪਵਾਉਂਦੀਆਂ ਨੇ।**
**ਉੱਚਾ ਸੁੱਟ ਕੇ ਬੋਚਦੇ ਨੇਜ਼ਿਆਂ 'ਤੇ, ਭੋਰਾ ਫੇਰ ਵੀ ਨਹੀਂ ਘਬਰਾਉਂਦੀਆਂ ਨੇ।**

..........................................................................................................
..........................................................................................................
..........................................................................................................

**5. ਬੰਦ-ਬੰਦ ਵੀ ਕੱਟ ਕੇ ਵੇਖ ਚੁੱਕੇ, ਫੁੱਲ ਮਹਿਕਣੋਂ ਜ਼ਰਾ ਨਾ ਬੰਦ ਹੋਏ।**
**ਚਾੜ੍ਹ ਚਰਖੜੀ ਪਰਖਦੇ ਯੋਧਿਆਂ ਨੂੰ, ਸਾਡੇ ਕੱਦ ਸੀ ਹੋਰ ਬੁਲੰਦ ਹੋਏ।**

..........................................................................................................
..........................................................................................................
..........................................................................................................

## ਪਾਠ-17 (ਲੋਹੜੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਪੰਜਾਬ ਨੂੰ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਕਿਹਾ ਜਾਂਦਾ ਹੈ। ਤਿਉਹਾਰ ਤੇ ਮੇਲੇ ਸਮਾਜ ਵਿੱਚ ਭਾਈਚਾਰਿਕ ਸਾਂਝ ਪੈਦਾ ਕਰਦੇ ਹਨ। ਭਾਰਤ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਦਿਵਾਲ਼ੀ, ਦਸਹਿਰਾ ਤੇ ਹੋਲੀ ਦੇ ਤਿਉਹਾਰ ਮਨਾਏ ਜਾਂਦੇ ਹਨ। ਲੋਹੜੀ ਦਾ ਤਿਉਹਾਰ ਪੰਜਾਬ ਵਿੱਚ ਦੇਸੀ ਮਹੀਨੇ ਪੋਹ ਦੀ ਆਖ਼ਰੀ ਰਾਤ ਨੂੰ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਲੋਹੜੀ ਦਾ ਤਿਉਹਾਰ ਧਰਤੀ 'ਤੇ ਆਏ ਨਵੇਂ ਜੀਅ, ਪੁੱਤਰ ਦੀ ਖ਼ੁਸ਼ੀ ਨੂੰ ਸਮਾਜ ਨਾਲ਼ ਸਾਂਝੀ ਕਰਨ ਲਈ ਪ੍ਰਚਲਿਤ ਹੋਇਆ। ਅੱਜ-ਕੱਲ੍ਹ ਸਮਾਜ ਵਿੱਚ ਅਗਾਂਹਵਧੂ ਸੋਚ ਰੱਖਣ ਵਾਲ਼ੇ ਲੋਕ ਪੁੱਤਰ ਹੋਵੇ ਜਾਂ ਧੀ ਦੋਂਹਾਂ ਦੀ ਹੀ ਲੋਹੜੀ ਮਨਾਉਂਦੇ ਹਨ। ਲੋਹੜੀ ਦੇ ਤਿਉਹਾਰ ਮੌਕੇ ਬੱਚਿਆਂ ਵੱਲੋਂ ਗਾਏ ਜਾਣ ਵਾਲ਼ੇ ਗੀਤਾਂ ਵਿੱਚ ਪੁੱਤਰ ਦੀ ਮੰਗ ਵਾਲ਼ੇ ਬੋਲ ਅੱਜ ਵੀ ਸੁਣਾਈ ਦਿੰਦੇ ਹਨ। ਪਿੰਡਾਂ ਵਿੱਚ ਇਸ ਤਿਉਹਾਰ ਨੂੰ ਸਾਂਝੀ ਥਾਂ, ਪਿੰਡ ਦੀ ਸੱਥ ਵਿੱਚ ਪਾਥੀਆਂ ਤੇ ਲੱਕੜਾਂ ਦੀ ਲੋਹੜੀ ਬਾਲ਼ ਕੇ ਮਨਾਇਆ ਜਾਂਦਾ ਹੈ। ਲੋਹੜੀ ਵਾਲ਼ੀ ਰਾਤ ਨੂੰ ਠੰਢ ਦਾ ਬਹੁਤ ਜ਼ੋਰ ਹੁੰਦਾ ਹੈ। ਪਰਿਵਾਰ ਦਾ ਹਰ ਜੀਅ ਇਸਤਰੀਆਂ, ਬੱਚੇ ਤੇ ਬਜ਼ੁਰਗ ਬਲ਼ਦੀ ਹੋਈ ਲੋਹੜੀ ਦੁਆਲ਼ੇ ਬੈਠ ਕੇ ਨਿੱਘ ਦਾ ਅਨੰਦ ਮਾਣਦੇ ਹਨ।

**1. ਪੰਜਾਬ ਨੂੰ ਕਿਸ ਦੀ ਧਰਤੀ ਕਿਹਾ ਜਾਂਦਾ ਹੈ?**

ੳ. ਠੰਢ ਦੀ
ਅ. ਮੇਲਿਆਂ ਤੇ ਤਿਉਹਾਰਾਂ ਦੀ
ੲ. ਪੁੱਤਰਾਂ ਦੀ
ਸ. ਪਿੰਡਾਂ ਦੀ।

**2. ਭਾਰਤ ਵਿੱਚ ਕਿਹੜੇ-ਕਿਹੜੇ ਤਿਉਹਾਰ ਪ੍ਰਚਲਿਤ ਹਨ?**

ੳ. ਦਿਵਾਲ਼ੀ
ਅ. ਦਸਹਿਰਾ
ੲ. ਹੋਲੀ
ਸ. ਉਪਰੋਕਤ ਸਾਰੇ।

**3. ਲੋਹੜੀ ਦਾ ਤਿਉਹਾਰ ਕਿਉਂ ਪ੍ਰਚਲਿਤ ਹੋਇਆ?**

ੳ. ਪੁੱਤਰ ਦੀ ਖ਼ੁਸ਼ੀ ਕਾਰਨ
ਅ. ਤਿਉਹਾਰ ਕਾਰਨ
ੲ. ਨਿੱਘ ਦਾ ਅਨੰਦ ਮਾਨਣ ਕਾਰਨ
ਸ. ਅਗਾਂਹਵਧੂ ਸੋਚ ਰੱਖਣ ਕਾਰਨ।

**4. ਅੱਜ-ਕੱਲ੍ਹ ਸਮਾਜ ਵਿੱਚ ਅਗਾਂਹਵਧੂ ਸੋਚ ਰੱਖਣ ਵਾਲ਼ੇ ਲੋਕ ਕਿਸ ਦੀ ਲੋਹੜੀ ਮਨਾਉਂਦੇ ਹਨ?**

ੳ. ਪੁੱਤਰ ਤੇ ਧੀ ਦੋਵਾਂ ਦੀ
ਅ. ਕੇਵਲ ਪੁੱਤਰ ਹੋਣ ਦੀ
ੲ. ਕੇਵਲ ਧੀ ਹੋਣ ਦੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**5. ਪਿੰਡਾਂ ਵਿੱਚ ਲੋਹੜੀ ਦਾ ਤਿਉਹਾਰ ਕਿਵੇਂ ਮਨਾਇਆ ਜਾਂਦਾ ਹੈ?**

ੳ. ਪਿੰਡ ਦੀ ਸਾਂਝੀ ਥਾਂ ਵਿੱਚ ਇਕੱਠੇ ਹੋ ਕੇ
ਅ. ਪਿੰਡ ਦੀ ਸੱਥ ਵਿੱਚ ਇਕੱਠੇ ਹੋ ਕੇ
ੲ. ਪਾਥੀਆਂ ਤੇ ਲੱਕੜਾਂ ਬਾਲ਼ ਕੇ
ਸ. ਉਪਰੋਕਤ ਸਾਰੇ।

## ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਪੋਹ ਦੇ ਮਹੀਨੇ ਸਰਦੀ ਵਧੇਰੇ ਹੁੰਦੀ ਹੈ। ਇਸ ਲਈ ਘਰ-ਪਰਿਵਾਰ ਅਤੇ ਖੇਤੀ ਦਾ ਕੋਈ ਵੀ ਕੰਮ ਚੰਗੀ ਤਰ੍ਹਾਂ ਨੇਪਰੇ ਨਹੀਂ ਚੜ੍ਹਦਾ। ਜ਼ਿਆਦਾ ਠੰਢ ਨਾਲ਼ ਹਰ ਜੀਅ ਆਲਸੀ ਹੋ ਜਾਂਦਾ ਹੈ। ਲੋਹੜੀ ਤੋਂ ਦੂਸਰੇ ਦਿਨ ਮਾਘ ਚੜ੍ਹ ਜਾਂਦਾ ਹੈ। ਦਿਨ ਨਿੱਘੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸਤਰੀਆਂ ਪਰਿਵਾਰ ਦੇ ਜੀਆਂ ਨੂੰ ਉੱਦਮੀ ਬਣਾਉਣ ਦੀ ਮੰਗ ਕਰਦੀਆਂ ਦਲਿੱਦਰ ਨੂੰ ਅਗਨੀ-ਭੇਟ ਕਰ ਦਿੰਦੀਆਂ ਹਨ। ਲੋਹੜੀ ਦੁਆਲ਼ੇ ਬੈਠੇ ਲੋਕਾਂ ਵਿੱਚੋਂ ਕੋਈ ਵਡੇਰੀ ਉਮਰ ਦਾ ਬਜ਼ੁਰਗ ਲੋਕ-ਕਥਾਵਾਂ ਦੇ ਬੀਰ-ਨਾਇਕ ਦੁੱਲਾ-ਭੱਟੀ ਦੀ ਕਥਾ ਸੁਣਾਉਂਦਾ ਹੈ। ਲੋਕ-ਕਥਾਵਾਂ ਵਿੱਚ ਕਿਹਾ ਜਾਂਦਾ ਕਿ ਦੁੱਲਾ-ਭੱਟੀ ਨੇ ਲੋਹੜੀ ਵਾਲ਼ੇ ਦਿਨ ਗ਼ਰੀਬ ਪਰਿਵਾਰ ਦੀਆਂ ਧੀਆਂ ਦੇ ਵਿਆਹ ਕਰਵਾ ਕੇ ਸ਼ਗਨ ਵਜੋਂ ਪੱਲੇ ਵਿੱਚ ਸ਼ੱਕਰ ਪਾ ਕੇ, ਉਹਨਾਂ ਦਾ ਡੋਲ਼ਾ ਤੋਰਿਆ ਸੀ। ਲੋਹੜੀ ਦਾ ਤਿਉਹਾਰ ਸ਼ਹਿਰਾਂ ਵਿੱਚ ਵੀ ਗਲ਼ੀ-ਮੁਹੱਲੇ ਵਿੱਚ ਲੋਹੜੀ ਬਾਲ਼ ਕੇ ਮਨਾਇਆ ਜਾਂਦਾ ਹੈ। ਕੁਝ ਲੋਕ ਆਪਣੇ ਘਰਾਂ ਦੇ ਵਿਹੜਿਆਂ ਵਿੱਚ ਪਰਿਵਾਰ ਦੇ ਮਿੱਤਰਾਂ-ਸਨੇਹੀਆਂ ਨੂੰ ਬੁਲਾ ਕੇ ਲੋਹੜੀ ਦਾ ਤਿਉਹਾਰ ਮਨਾਉਂਦੇ ਹਨ। ਸ਼ਹਿਰਾਂ ਵਿੱਚ ਲੋਹੜੀ-ਮੇਲੇ ਵੀ ਲੱਗਦੇ ਹਨ। ਉਂਞ ਵੀ ਇਹ ਤਿਉਹਾਰ ਸੱਭਿਆਚਾਰਿਕ ਮੇਲਿਆਂ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ।

**6. ਪੋਹ ਦੇ ਮਹੀਨੇ ਕੀ ਹੁੰਦਾ ਹੈ?**

ੳ. ਕੋਈ ਕੰਮ ਨਹੀਂ ਹੁੰਦਾ
ਅ. ਆਲਸ ਆ ਜਾਂਦਾ ਹੈ
ੲ. ਬਹੁਤ ਸਰਦੀ
ਸ. ਉਪਰੋਕਤ ਸਾਰੇ।

**7. ਪਰਿਵਾਰ ਦੇ ਜੀਆਂ ਨੂੰ ਉੱਦਮੀ ਬਣਾਉਣ ਲਈ ਕੀ ਕੀਤਾ ਜਾਂਦਾ ਹੈ?**

ੳ. ਦਲਿੱਦਰ ਨੂੰ ਅਗਨੀ ਭੇਟ
ਅ. ਧੀਆਂ ਦੇ ਵਿਆਹ
ੲ. ਪੱਲੇ ਵਿੱਚ ਸ਼ੱਕਰ ਪਾਈ ਜਾਂਦੀ ਹੈ
ਸ. ਸੱਭਿਆਚਾਰਿਕ ਮੇਲੇ ਲੱਗਦੇ ਹਨ।

**8. ਲੋਹੜੀ ਦੁਆਲ਼ੇ ਬੈਠ ਕੇ ਕਿਹੜੀ ਕਥਾ ਸੁਣਾਈ ਜਾਂਦੀ ਹੈ?**
ੳ. ਵਧੇਰੇ ਸਰਦੀ ਦੀ
ਅ. ਦੁੱਲੇ-ਭੱਟੀ ਦੀ
ੲ. ਅਗਨੀ ਭੇਟ ਦੀ
ਸ. ਪੋਹ ਚੜ੍ਹਨ ਦੀ।

**9. ਦੁੱਲਾ-ਭੱਟੀ ਨੇ ਲੋਹੜੀ ਵਾਲ਼ੇ ਦਿਨ ਕਿਸ ਦੇ ਵਿਆਹ ਕਰਵਾਏ?**
ੳ. ਮਿੱਤਰਾਂ-ਸਨੇਹੀਆਂ ਦੇ
ਅ. ਪਰਿਵਾਰ ਦੇ ਜੀਆਂ ਦੇ
ੲ. ਗ਼ਰੀਬ ਪਰਿਵਾਰ ਦੀਆਂ ਧੀਆਂ ਦੇ
ਸ. ਸ਼ਹਿਰਾਂ ਵਿੱਚ ਰਹਿੰਦਿਆਂ ਦੇ।

**10. ਲੋਹੜੀ ਦਾ ਤਿਉਹਾਰ ਸ਼ਹਿਰਾਂ ਵਿੱਚ ਕਿਵੇਂ ਮਨਾਇਆ ਜਾਂਦਾ ਹੈ?**
ੳ. ਗ਼ਲੀ-ਮੁਹੱਲੇ ਵਿੱਚ
ਅ. ਘਰਾਂ ਦੇ ਵਿਹੜਿਆਂ ਵਿੱਚ
ੲ. ਪਰਿਵਾਰ ਦੇ ਮਿੱਤਰਾਂ-ਸਨੇਹੀਆਂ ਨਾਲ਼
ਸ. ਉਪਰੋਕਤ ਸਾਰੇ।

## ਪਾਠ-18 (ਹਾਕੀ ਦਾ ਜਾਦੂਗਰ: ਧਿਆਨ ਚੰਦ)

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਵੀਆਨਾ ਸ਼ਹਿਰ ਵਿੱਚ ਇੱਕ ਅਜਿਹਾ ਆਦਮ-ਕੱਦ ਬੁੱਤ ਬਣਿਆ ਹੋਇਆ ਹੈ ਜੋ ਵੇਖਣ ਵਾਲ਼ੇ ਅੰਦਰ ਹੈਰਾਨ ਕਰਨ ਵਾਲ਼ੀਆਂ ਭਾਵਨਾਵਾਂ ਪੈਦਾ ਕਰਦਾ ਹੈ। ਅਜਿਹਾ ਇਸ ਲਈ ਕਿ ਇਸ ਬੁੱਤ ਦੇ ਦੋ ਨਹੀਂ, ਚਾਰ ਹੱਥ ਹਨ ਅਤੇ ਚਹੁੰਆਂ ਵਿੱਚ ਹੀ ਹਾਕੀ-ਸਟਿੱਕਾਂ ਹਨ। ਇਹ ਬੁੱਤ ਹੈ : ਵਿਸ਼ਵ-ਪ੍ਰਸਿੱਧ, ਹਾਕੀ ਖਿਡਾਰੀ ਧਿਆਨ ਚੰਦ ਦਾ ਜਿਸ ਨੂੰ ਇੱਕ 'ਖੇਡ-ਦੇਵਤਾ' ਬਣਾ ਕੇ ਉਸ ਦੀ ਖੇਡ ਕਲਾ ਨੂੰ ਸਤਿਕਾਰ ਦਿੱਤਾ ਗਿਆ ਹੈ। ਉਸ ਦਾ ਪਿਤਾ ਫ਼ੌਜ ਵਿੱਚ ਹੌਲਦਾਰ ਸੀ। ਇਹ ਉਹੀ ਧਿਆਨ ਚੰਦ ਹੈ ਜੋ ਕਦੇ ਅੰਗਰੇਜ਼ ਭਾਰਤੀ ਫ਼ੌਜ ਵਿੱਚ ਛੋਟਾ ਜਿਹਾ ਸਿਪਾਹੀ ਹੁੰਦਾ ਸੀ ਜਿਸ ਨੇ ਇੱਕ ਦਿਨ ਆਪਣੇ ਦੇਸ ਦੀ ਹੀ ਨਹੀਂ ਸਗੋਂ ਵਿਸ਼ਵ-ਹਾਕੀ ਦੀ ਪ੍ਰਤਿਨਿਧਤਾ ਕੀਤੀ ਅਤੇ ਜਿਸ ਨੂੰ ਸ਼ਰਧਾਂਜਲੀ ਦੇਣ ਲਈ ਉਸ ਦੇ ਜਨਮ-ਦਿਨ 29 ਅਗਸਤ ਨੂੰ ਸਮੁੱਚੇ ਦੇਸ ਵਿੱਚ 'ਖੇਡ-ਦਿਵਸ' ਵਜੋਂ ਮਨਾਇਆ ਜਾਂਦਾ ਹੈ।

**1. ਧਿਆਨ ਚੰਦ ਦਾ ਸਤਿਕਾਰ ਕਿਸ ਤਰ੍ਹਾਂ ਕੀਤਾ ਗਿਆ ਹੈ?**
ੳ. ਖੇਡ-ਦੇਵਤਾ ਬਣਾ ਕੇ
ਅ. ਹੀਰੋ ਬਣਾ ਕੇ
ੲ. ਖੇਡ-ਮੰਤਰੀ ਬਣਾ ਕੇ
ਸ. ਸਰਪੰਚ ਬਣਾ ਕੇ।

**2. ਖੇਡ ਦਿਵਸ ਕਦੋਂ ਮਨਾਇਆ ਜਾਂਦਾ ਹੈ?**
ੳ. 28 ਅਗਸਤ ਨੂੰ
ਅ. 9 ਅਗਸਤ ਨੂੰ
ੲ. 19 ਅਗਸਤ ਨੂੰ
ਸ. 29 ਅਗਸਤ ਨੂੰ।

**3. ਧਿਆਨ ਚੰਦ ਦੇ ਪਿਤਾ ਜੀ ਕੀ ਕੰਮ ਕਰਦੇ ਸਨ?**
ੳ. ਫ਼ੌਜ ਵਿੱਚ ਕਰਨਲ ਸਨ
ਅ. ਫ਼ੌਜ ਵਿੱਚ ਹੌਲਦਾਰ ਸਨ
ੲ. ਫ਼ੌਜ ਵਿੱਚ ਸੂਬੇਦਾਰ ਸਨ
ਸ. ਫ਼ੌਜ ਵਿੱਚ ਸਿਪਾਹੀ ਸਨ।

**4. ਧਿਆਨ ਚੰਦ ਦਾ ਆਦਮ-ਕੱਦ ਬੁੱਤ ਕਿਹੜੇ ਸ਼ਹਿਰ ਵਿੱਚ ਲੱਗਾ ਹੋਇਆ ਹੈ?**
ੳ. ਬਰਲਿਨ
ਅ. ਪੈਰਿਸ
ੲ. ਵੀਆਨਾ
ਸ. ਟੋਕੀਓ

**5. ਧਿਆਨ ਚੰਦ ਦੇ ਆਦਮ-ਕੱਦ ਬੁੱਤ ਦੀ ਕੀ ਵਿਸ਼ੇਸ਼ਤਾ ਹੈ?**
ੳ. ਇਸ ਦੇ ਤਿੰਨ ਹੱਥ ਹਨ
ਅ. ਇਸ ਦੇ ਪੰਜ ਹੱਥ ਹਨ
ੲ. ਇਸ ਦੇ ਚਾਰ ਹੱਥ ਹਨ
ਸ. ਇਸ ਦੇ ਛੇ ਹੱਥ ਹਨ।

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਇਹ ਮਹਾਨ ਖਿਡਾਰੀ ਛੋਟੇ ਜਿਹੇ ਸ਼ਹਿਰ ਝਾਂਸੀ ਦੀਆਂ ਤੰਗ ਗ਼ਲੀਆਂ ਵਿੱਚ ਆਪਣੇ ਸੰਗੀਆਂ-ਸਾਥੀਆਂ ਨਾਲ਼ ਖੇਡਦਾ ਵੱਡਾ ਹੋਇਆ। ਸ਼ਾਇਦ ਇਸੇ ਕਰਕੇ ਧਿਆਨ ਚੰਦ ਵੀ 1921 ਵਿੱਚ ਜਦੋਂ ਉਹ ਸੋਲ਼ਾ ਕੁ ਵਰ੍ਹਿਆਂ ਦਾ ਸੀ, ਫ਼ੌਜ ਵਿੱਚ ਭਰਤੀ

ਹੋ ਗਿਆ ਅਤੇ ਹਾਕੀ ਖੇਡਣੀ ਸ਼ੁਰੂ ਕਰ ਦਿੱਤੀ। ਭਾਰਤੀ ਫ਼ੌਜ ਵੱਲੋਂ ਕਰਵਾਏ ਜਾਂਦੇ ਟੂਰਨਾਮੈਂਟਾਂ ਵਿੱਚ ਉਸ ਨੇ ਆਪਣੀ ਖੇਡ-ਕਲਾ ਦਾ ਇਸ ਕਦਰ ਮੁਜ਼ਾਹਰਾ ਕੀਤਾ ਕਿ ਕੌਮੀ-ਪੱਧਰ ਦੀ ਹਾਕੀ ਵਿੱਚ ਵੀ ਜ਼ਿਕਰ ਹੋਣ ਲੱਗਾ। 1925 ਵਿੱਚ ਭਾਰਤੀ ਹਾਕੀ ਫੈਡਰੇਸ਼ਨ ਹੋਂਦ ਵਿੱਚ ਆਈ ਅਤੇ ਓਧਰ ਉਲੰਪਿਕ-ਖੇਡਾਂ ਦੇ ਚਰਚੇ ਵੀ ਹੋਣ ਲੱਗੇ। 1928 ਐਮਸਟਰਡਮ ਉਲੰਪਿਕ ਵਿੱਚ ਆਪਣੇ ਸਾਰੇ ਮੈਚ ਅਸਾਨੀ ਨਾਲ਼ ਜਿੱਤ ਕੇ, ਫ਼ਾਈਨਲ ਵਿੱਚ ਹਾਲੈਂਡ ਦੀ ਹੀ ਟੀਮ ਨੂੰ ਤਿੰਨ ਗੋਲ਼ਾਂ ਨਾਲ਼ ਹਰਾ ਕੇ - ਜਿਨ੍ਹਾਂ ਵਿੱਚੋਂ ਦੋ ਇਕੱਲੇ ਧਿਆਨ ਚੰਦ ਨੇ ਕੀਤੇ - ਸੋਨ ਤਗਮਾ ਜਿੱਤਿਆ। 1932-ਲੌਸ ਏਂਜਲਸ ਉਲੰਪਿਕ ਵਿੱਚ ਭਾਰਤੀ ਟੀਮ ਨੇ ਫ਼ਾਈਨਲ ਵਿੱਚ ਯੂ. ਐੱਸ. ਏ. ਨੂੰ 24-1 ਦੇ ਵੱਡੇ ਫ਼ਰਕ ਨਾਲ਼ ਹਰਾਇਆ ਜਿਸ ਵਿੱਚ ਅੱਠ ਗੋਲ਼ਾਂ ਦਾ ਯੋਗਦਾਨ ਧਿਆਨ ਚੰਦ ਨੇ ਪਾਇਆ।

**6. ਧਿਆਨ ਚੰਦ ਨੇ ਕਿੰਨੀ ਉਮਰ ਵਿੱਚ ਹਾਕੀ ਖੇਡਣੀ ਸ਼ੁਰੂ ਕੀਤੀ ਸੀ?**

ੳ. 15 ਸਾਲ | ਅ. 16 ਸਾਲ
ੲ. 17 ਸਾਲ | ਸ. 18 ਸਾਲ

**7. ਹਾਕੀ ਫੈਡਰੇਸ਼ਨ ਕਦੋਂ ਹੋਂਦ ਵਿੱਚ ਆਈ?**

ੳ. 1921 ਈ. | ਅ. 1925 ਈ.
ੲ. 1932 ਈ. | ਸ. 1928 ਈ.।

**8. ਭਾਰਤ ਨੇ ਹਾਲੈਂਡ ਦੀ ਟੀਮ ਨੂੰ ਕਿੰਨੇ ਗੋਲ਼ਾਂ ਨਾਲ਼ ਹਰਾਇਆ ਸੀ?**

ੳ. 3 ਗੋਲ਼ਾਂ ਨਾਲ਼ | ਅ. 2 ਗੋਲ਼ਾਂ ਨਾਲ਼
ੲ. 24 ਗੋਲ਼ਾਂ ਨਾਲ਼ | ਸ. 8 ਗੋਲ਼ਾਂ ਨਾਲ਼।

**9. ਧਿਆਨ ਚੰਦ ਨੇ ਹਾਕੀ ਖੇਡਣੀ ਕਦੋਂ ਸ਼ੁਰੂ ਕੀਤੀ?**

ੳ. 1932 ਈ. | ਅ. 1925 ਈ.
ੲ. 1921 ਈ. | ਸ. 1928 ਈ.।

**10. ਲੌਸ ਏਂਜਲਸ ਉਲੰਪਿਕ ਵਿੱਚ ਧਿਆਨ ਚੰਦ ਨੇ ਯੂ. ਐੱਸ. ਏ. ਦੀ ਹਾਕੀ ਟੀਮ ਵਿਰੁੱਧ ਕਿੰਨੇ ਗੋਲ਼ ਕੀਤੇ?**

ੳ. 3 ਗੋਲ਼ | ਅ. 8 ਗੋਲ਼
ੲ. 24 ਗੋਲ਼ | ਸ. 2 ਗੋਲ਼।

## ਪਾਠ-19 (ਅੰਮੜੀ ਦਾ ਵਿਹੜਾ)

**➢ ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :**

**1. ਇੱਕ ਬਾਦਸ਼ਾਹੀ ਅਸੀਂ ਮਾਣੀ ਸੀ।**
**ਜਿਦ੍ਹਾ ਬਾਬਲ ਰਾਜਾ ਸੀ ਤੇ ਅੰਮੀ ਰਾਣੀ ਸੀ।**

**ਭਾਵ-ਅਰਥ :** ਅੰਮੜੀ ਦੇ ਵਿਹੜੇ ਵਿੱਚ ਅਸੀਂ ਇੱਕ ਤਰ੍ਹਾਂ ਦੀ ਬਾਦਸ਼ਾਹੀ ਦਾ ਅਨੰਦ ਮਾਣਿਆ ਸੀ, ਜਿਸ ਦਾ ਰਾਜਾ ਸਾਡਾ ਬਾਪ ਸੀ ਅਤੇ ਰਾਣੀ ਸਾਡੀ ਅੰਮੀ ਸੀ।

**2. ਕਦੇ ਸਾਨੂੰ ਕਹਾਣੀਆਂ ਪਾਂਦਾ ਸੀ,**
**ਅੱਜ ਆਪ ਕਹਾਣੀ ਹੋਇਆ ਨੀ, ਅੰਮੜੀ ਦਾ ਵਿਹੜਾ।**

**ਭਾਵ-ਅਰਥ :** ਅੰਮੜੀ ਦਾ ਉਹ ਵਿਹੜਾ, ਜਿਹੜਾ ਕਿਸੇ ਵੇਲੇ ਸਾਨੂੰ ਕਹਾਣੀਆਂ ਸੁਣਾਉਂਦਾ ਹੁੰਦਾ ਸੀ, ਅੱਜ ਆਪ ਹੀ ਇੱਕ ਕਹਾਣੀ ਬਣਿਆ ਹੋਇਆ ਹੈ।

**3. ਪਿੱਪਲ਼ ਦੀਆਂ ਪੀਂਘਾਂ ਝੂਟ-ਝੂਟ, ਜਿੱਥੇ ਚੜ੍ਹੀ ਅਖੀਰ ਜਵਾਨੀ ਸੀ।**
**ਜਿੱਥੇ ਸਾਂਈਆਂ ਭੋਰੇ ਬੈਠ-ਬੈਠ ਕੇ, ਗਾਂਦਿਆਂ ਰਾਤ ਲੰਘਾਣੀ ਨੀ।**

..........................................................................................................
..........................................................................................................
..........................................................................................................

4. **ਕਦੇ ਮੈਂ ਉਸ ਵਿਹੜੇ ਵੱਸਦੀ ਸੀ, ਅੱਜ ਮੇਰੇ ਸੀਨੇ ਵੱਸਦਾ ਨੀ,**
**ਅੰਮੜੀ ਦਾ ਵਿਹੜਾ।**

........................................................................................................
........................................................................................................
........................................................................................................

5. **ਬੀਤ ਗਿਆ, ਦਿਨ ਬੀਤ ਗਿਆ,**
**ਜਿਉਂ ਕੱਤਿਆ, ਤੁੰਬਿਆ ਹੰਢ ਗਿਆ, ਇੱਕ ਰੂੰ ਦਾ ਗੋਹੜਾ।**

........................................................................................................
........................................................................................................
........................................................................................................

## ਪਾਠ-20 (ਛੱਲੀਆਂ ਦੇ ਰਾਖੇ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਭਾਦੋਂ ਦੇ ਪਹਿਲੇ ਪੱਖ ਇੱਕ ਸਾਲ ਝੜੀ ਲੱਗ ਗਈ। ਤਿੰਨ-ਚਾਰ ਦਿਨ ਰੁਕ-ਰੁਕ ਕੇ ਮੀਂਹ ਪੈਂਦਾ ਰਿਹਾ। ਚਾਰੇ ਪਾਸੇ ਜਲ-ਥਲ ਹੋ ਗਿਆ। ਮੀਂਹ ਰੁਕੇ 'ਤੇ ਪੰਛੀ ਆਪਣੇ ਖੰਭਾਂ ਨੂੰ ਝਾੜਦੇ ਤੇ ਚੋਗ ਲਈ ਉਡਾਣ ਭਰਦੇ ਪਰ ਕਿੱਥੇ? ਇੰਨੀ ਦੇਰ ਨੂੰ ਤਾਂ ਬਾਰਸ਼ ਫੇਰ ਆ ਜਾਂਦੀ। ਕਈ ਦਿਨ ਇਹ ਸਿਲਸਿਲਾ ਚਲਦਾ ਰਿਹਾ। ਅਸੀਂ ਚੱਲਦੇ ਪਾਣੀ ਵਿੱਚ ਮੰਜੀਆਂ ਡਾਹ ਕੇ ਪਸ਼ੂਆਂ ਲਈ ਹਰਾ ਚਾਰਾ ਵੱਢਦੇ। ਜੇ ਪਸ਼ੂ ਚਰਨ ਲਈ ਬਾਹਰ ਛੱਡੇ ਜਾਂਦੇ ਤਾਂ ਉਹਨਾਂ ਦੇ ਚਰਨ ਵਾਲ਼ਾ ਨਿੱਕਾ-ਨਿੱਕਾ ਘਾਹ ਪਾਣੀ 'ਚ ਨਜ਼ਰ ਹੀ ਨਹੀਂ ਸੀ ਆਉਂਦਾ। ਉੱਧਰ ਮੱਕੀ ਵਾਲ਼ੇ ਖੇਤ ਵਿੱਚ ਛੱਲੀਆਂ ਨੂੰ ਦਾਣਾ ਪੈ ਗਿਆ। ਜਿੰਨੀ ਕੁ ਦੇਰ ਮੀਂਹ ਰੁਕਿਆ ਰਹਿੰਦਾ, ਨਾਲ਼ ਦੇ ਰੁੱਖਾਂ ਤੋਂ ਕਾਂ, ਤੋਤੇ ਤੇ ਹੋਰ ਪੰਛੀ ਹੱਲੇ ਕਰ-ਕਰ ਆਉਂਦੇ ਤੇ ਛੱਲੀਆਂ ਦੀ ਫਰੋਲਾ-ਫਰਾਲ਼ੀ ਕਰਦੇ। ਮੈਨੂੰ ਤੇ ਤਾਏ ਈਸਰ ਸਿੰਘ ਨੂੰ ਛੱਲੀਆਂ ਦੀ ਰਾਖੀ ਬੈਠਣਾ ਪੈਂਦਾ ਸੀ। ਰੌਲ਼ਾ-ਗੌਲ਼ਾ ਕੀਤਿਆਂ ਪੰਛੀ ਖੇਤ ਵਿੱਚੋਂ ਉੱਡ ਤਾਂ ਜਾਂਦੇ ਪਰ ਅੱਖ ਦੇ ਫੋਰ ਵਿੱਚ ਛੱਲੀਆਂ ਨੂੰ ਫੇਰ ਆ ਪੈਂਦੇ। ਤਾਇਆ ਖ਼ਾਲੀ ਪੀਪਾ ਖੜਕਾਈ ਜਾਂਦਾ। 'ਹੜਾਤ-ਹੜਾਤ' ਕਰਦਿਆਂ ਸਾਡੇ ਸੰਘ ਪਾਟਣ ਨੂੰ ਹੋ ਗਏ। ਪੰਛੀ ਸਾਡੀ ਪੇਸ਼ ਨਹੀਂ ਸੀ ਜਾਣ ਦੇ ਰਹੇ।

1. **ਝੜੀ ਕਦੋਂ ਲੱਗੀ ਸੀ?**
   ੳ. ਸਾਉਣ ਦੇ ਪਹਿਲੇ ਪੱਖ　　ਅ. ਭਾਦੋਂ ਦੇ ਪਹਿਲੇ ਪੱਖ
   ੲ. ਵਿਸਾਖ ਦੇ ਪਹਿਲੇ ਪੱਖ　　ਸ. ਜੇਠ ਦੇ ਪਹਿਲੇ ਪੱਖ।
2. **ਮੀਂਹ ਰੁਕੇ ਤੋਂ ਕੀ ਹੁੰਦਾ ਸੀ?**
   ੳ. ਪਸ਼ੂਆਂ ਲਈ ਹਰਾ ਚਾਰਾ ਬੀਜਦੇ　　ਅ. ਤਾਇਆ ਛੱਲੀਆਂ ਦੀ ਰਾਖੀ ਕਰਦਾ
   ੲ. ਪੰਛੀ ਚੋਗ ਲਈ ਉਡਾਣ ਭਰਦੇ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।
3. **ਲੇਖਕ ਤੇ ਉਸਦਾ ਤਾਇਆ ਈਸਰ ਸਿੰਘ ਕਿਸ ਦੀ ਰਾਖੀ ਬੈਠਦੇ ਸਨ?**
   ੳ. ਛੱਲੀਆਂ ਦੀ　　ਅ. ਕਣਕ ਦੀ
   ੲ. ਫਲ਼ਾਂ ਦੀ　　ਸ. ਛੋਲਿਆਂ ਦੀ।
4. **ਤਾਇਆ ਪੰਛੀਆਂ ਨੂੰ ਡਰਾਉਣ ਲਈ ਕੀ ਖੜਕਾਈ ਜਾਂਦਾ ਸੀ?**
   ੳ. ਢੋਲ　　ਅ. ਖ਼ਾਲੀ ਪੀਪਾ
   ੲ. ਡਰੰਮ　　ਸ. ਡਮਰੂ।
5. **ਲਗਾਤਾਰ ਮੀਂਹ ਪੈਣ ਦਾ ਸਿਲਸਿਲਾ ਕਿੰਨੇ ਦਿਨ ਚਲਦਾ ਰਿਹਾ?**
   ੳ. ਚਾਰ ਦਿਨ　　ਅ. ਪੰਜ ਦਿਨ
   ੲ. ਕਈ ਦਿਨ　　ਸ. ਸੱਤ ਦਿਨ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਅਸੀਂ ਮੱਕੀ ਦੇ ਖੇਤ ਵਿੱਚ ਚਾਰ ਬੱਲੀਆਂ ਗੱਡ ਕੇ ਇਹਨਾਂ ਨਾਲ਼ ਦੋ ਬਾਹੀਆਂ ਰੱਸਿਆਂ ਨਾਲ਼ ਬੰਨ੍ਹ ਲਈਆਂ। ਇਹਨਾਂ ਬਾਹੀਆਂ ਉੱਤੇ ਇੱਕ ਛੋਟਾ ਜਿਹਾ ਮੰਜਾ ਟਿਕਾ ਦਿੱਤਾ। ਇਸ ਤਰ੍ਹਾਂ ਅਸੀਂ ਮੱਕੀ ਦੇ ਖੇਤ ਦੀ ਨਿਗਰਾਨੀ ਲਈ ਉੱਚਾ ਮਣ੍ਹਾ ਬਣਾ ਲਿਆ। ਮਣ੍ਹੇ ਉੱਤੇ ਬੈਠ ਕੇ ਸਾਰਾ ਦਿਨ ਖੇਤ ਨਜ਼ਰੀਂ ਪੈਂਦਾ ਸੀ। ਦੂਜਾ ਮੀਂਹ-ਕਣੀ ਵਿੱਚ ਖੇਤ ਗਿੱਲੇ ਹੋਣ ਕਰਕੇ ਮਣ੍ਹੇ 'ਤੇ ਅਰਾਮ ਨਾਲ਼ ਬੈਠਿਆ ਜਾ ਸਕਦਾ ਸੀ। ਦੁਪਹਿਰ ਮਗਰੋਂ ਮੀਂਹ ਨਾਲ਼ ਪੂਰੀ ਤਰ੍ਹਾਂ ਗੜੁੱਚ ਹੋਇਆ ਤਾਇਆ ਬੋਲਿਆ, "ਭਤੀਜ ਅੱਜ ਤਾ ਮੀਂਹ ਨੇ ਝੰਭ ਕੇ ਰੱਖ ਦਿੱਤੇ, ਜਾਹ ਘਰ ਤੋਂ ਚਾਹ ਬਣਵਾ ਲਿਆ। ਅੱਜ ਤਾਂ ਸਰੀਰ ਉੱਕਾ ਹੀ ਠੰਢਾ ਹੋਇਆ ਪਿਆ। ਛੇਤੀ ਮੁੜ ਕੇ ਆਵੀਂ।" ਪੰਛੀ ਵੀ ਅੱਜ ਭੁੱਖ ਦੇ ਮਾਰੇ ਅੰਨ੍ਹੇ ਹੋਏ ਡਿਗ ਰਹੇ ਨੇ। ਸਣ ਦੀ ਰੱਸੀ ਦਾ ਬਣਾਇਆ ਗੋਪੀਆ ਮਣ੍ਹੇ 'ਤੇ ਬੈਠੇ ਤਾਏ ਕੋਲ਼ ਹੀ ਸੀ। ਤਾਇਆ ਗੋਪੀਆ ਘੁਮਾਉਂਦਾ ਹੋਇਆ ਹੜਾਤ-ਹੜਾਤ ਕਰਦਾ ਮੈਨੂੰ ਪਿੰਡ ਤੱਕ ਸੁਣੀ ਗਿਆ। ਫਿਰਨੀ ਤੋਂ ਖੇਤ ਵੱਲ ਮੁੜਦਿਆਂ ਜਦੋਂ ਮੈਂ ਮੱਕੀ ਦੇ ਖੇਤ ਦੀ ਵੱਟ ਤੋਂ ਲੰਘ ਰਿਹਾ ਸੀ ਤਾਂ ਅਣਦੇਖੀ ਕਾਰਨ ਮੇਰਾ ਪੈਰ ਵੱਟ 'ਤੇ ਪਏ ਇੱਕ ਸੱਪ 'ਤੇ ਜਾ ਟਿਕਿਆ। ਮੈਂ ਡਰ ਗਿਆ ਪਰ ਉਸ ਨੇ ਮੈਨੂੰ ਕੁਝ ਨਾ ਕਿਹਾ ਸਗੋਂ ਉਹ ਤਾਂ ਟਿਕ-ਟਿਕੀ ਲਾ ਕੇ ਵੱਟ 'ਚ ਖੁੱਡ ਪੁੱਟ ਰਹੇ ਚੂਹੇ ਵੱਲ ਵੇਖ ਰਿਹਾ ਸੀ। ਭੁੱਖ ਨਾਲ਼ ਲਾਚਾਰ ਹੋਇਆ ਇੱਕ ਕਾਂ ਸਾਮ੍ਹਣੀ ਕਿੱਕਰ ਤੋਂ ਉੱਡਿਆ ਅਤੇ ਬਿਨਾਂ ਖੰਭ ਹਿਲਾਏ ਮੱਕੀ 'ਤੇ ਏਦਾਂ ਡਿੱਗਿਆ ਜਿਵੇਂ ਉਸ ਵਿੱਚ ਸਾਹ-ਸਤ ਹੀ ਨਾ ਹੋਵੇ।

**6. ਖੇਤ ਵਿੱਚ ਨਿਗਰਾਨੀ ਲਈ ਉਨ੍ਹਾਂ ਕੀ ਬਣਾਇਆ ਸੀ?**

ੳ. ਡਰਨਾ　　ਅ. ਥੜ੍ਹਾ

ੲ. ਟਿੱਬਾ　　ਸ. ਮਣ੍ਹਾ।

**7. ਮਣ੍ਹਾ ਕੀ ਹੁੰਦਾ ਹੈ?**

ੳ. ਖੇਤ ਦੀ ਰਾਖੀ ਲਈ ਬਣਾਈ ਉੱਚੀ ਥਾਂ　　ਅ. ਖੇਤ ਦੀ ਰਾਖੀ ਲਈ ਬਣਿਆ ਡਰਨਾ

ੲ. ਖੇਤ ਦੀ ਰਾਖੀ ਲਈ ਬਣਿਆ ਕੋਠਾ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਅਣਦੇਖੀ ਕਾਰਨ ਲੇਖਕ ਦਾ ਪੈਰ ਕਿਸ 'ਤੇ ਜਾ ਟਿਕਿਆ?**

ੳ. ਚੂਹੇ 'ਤੇ　　ਅ. ਸੱਪ 'ਤੇ

ੲ. ਗੰਡੋਏ 'ਤੇ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**9. ਖੁੱਡ ਕੌਣ ਪੁੱਟ ਰਿਹਾ ਸੀ?**

ੳ. ਚੂਹਾ　　ਅ. ਸੱਪ

ੲ. ਲੇਖਕ　　ਸ. ਤਾਇਆ।

**10. ਮੱਕੀ 'ਤੇ ਕੌਣ ਡਿੱਗ ਪਿਆ?**

ੳ. ਕਾਂ　　ਅ. ਸੱਪ

ੲ. ਲੇਖਕ　　ਸ. ਤਾਇਆ।

## ਪਾਠ-21 (ਗਿਆਨ, ਵਿਗਿਆਨ ਤੇ ਮੰਨੋਰੰਜਨ ਦਾ ਅਨੋਖਾ ਸੰਗਮ : ਸਾਇੰਸ-ਸਿਟੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਭਾਰਤ ਦੀ ਤਰੱਕੀ ਵਾਸਤੇ ਸਮਾਜ ਦੇ ਹਰ ਪ੍ਰਾਣੀ ਵਿੱਚ ਵਿਗਿਆਨਿਕ ਸੋਚ ਦਾ ਹੋਣਾ ਅਤਿ ਜ਼ਰੂਰੀ ਹੈ। ਇਸ ਦਿਸ਼ਾ ਵਿੱਚ ਅਤੇ ਲੋਕਾਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਜਲੰਧਰ-ਕਪੂਰਥਲਾ ਸੜਕ 'ਤੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ 'ਤੇ 72 ਏਕੜ ਜ਼ਮੀਨ ਵਿੱਚ "ਪੁਸ਼ਪਾ ਗੁਜਰਾਲ ਸਾਇੰਸ-ਸਿਟੀ" ਬਣਾਇਆ ਗਿਆ ਹੈ। ਸਾਇੰਸ-ਸਿਟੀ ਦਾ ਨੀਂਹ-ਪੱਥਰ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਵੱਲੋਂ 17 ਅਕਤੂਬਰ, 1997 ਨੂੰ ਰੱਖਿਆ ਗਿਆ। ਇਸ ਉਪਰਾਲੇ ਦਾ ਮੰਤਵ ਦੇਸ ਦੀ ਨੌਜਵਾਨ ਪੀੜ੍ਹੀ ਨੂੰ ਵਿਗਿਆਨ ਦੇ ਸਿਧਾਂਤਾਂ ਨੂੰ ਮਨੋਰੰਜਕ ਤਰੀਕੇ ਨਾਲ਼ ਜਾਗਰੂਕ ਕਰਨਾ ਹੈ। 19 ਮਾਰਚ, 2005 ਨੂੰ ਇਸ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ। ਸਾਇੰਸ-ਸਿਟੀ ਦਾ ਨਾਂ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਜੀ ਦੀ ਮਾਤਾ ਸ੍ਰੀਮਤੀ ਪੁਸ਼ਪਾ ਗੁਜਰਾਲ ਦੇ ਨਾਂ 'ਤੇ ਰੱਖਿਆ ਗਿਆ ਹੈ। ਆਪ ਇੱਕ ਸਮਾਜ-ਸੇਵਕਾ ਸਨ। ਹੁਣ ਤੱਕ ਦੇਸ ਭਰ ਤੋਂ ਲੱਖਾਂ ਲੋਕ ਪੰਜਾਬ ਵਿੱਚ ਸਾਇੰਸ-ਸਿਟੀ ਵਿਖੇ ਆ ਕੇ ਅਨੰਦ ਮਾਣ ਚੁੱਕੇ ਹਨ।

**1. ਦੇਸ ਦੀ ਤਰੱਕੀ ਵਾਸਤੇ ਸਮਾਜ ਦੇ ਹਰ ਪ੍ਰਾਣੀ ਨੂੰ ਕਿਹੜੀ ਸੋਚ ਦਾ ਧਾਰਨੀ ਹੋਣਾ ਜ਼ਰੂਰੀ ਹੈ?**

ੳ. ਸਮਾਜਿਕ ਸੋਚ ਦਾ
ਅ. ਮਨੋ-ਵਿਗਿਆਨਿਕ ਸੋਚ ਦਾ
ੲ. ਵਿਗਿਆਨਿਕ ਸੋਚ ਦਾ
ਸ. ਧਾਰਮਿਕ ਸੋਚ ਦਾ।

**2. ਸਾਇੰਸ-ਸਿਟੀ ਕਿੰਨੇ ਏਕੜ ਜ਼ਮੀਨ ਵਿੱਚ ਬਣਾਇਆ ਗਿਆ ਹੈ?**

ੳ. 19 ਏਕੜ
ਅ. 17 ਏਕੜ
ੲ. 27 ਏਕੜ
ਸ. 72 ਏਕੜ

**3. ਸਾਇੰਸ-ਸਿਟੀ ਆਮ ਲੋਕਾਂ ਲਈ ਕਦੋਂ ਖੋਲ੍ਹਿਆ ਗਿਆ?**

ੳ. 17 ਅਕਤੂਬਰ, 1997
ਅ. 27 ਅਕਤੂਬਰ, 1997
ੲ. 19 ਮਾਰਚ, 2005
ਸ. 19 ਮਾਰਚ, 1997

**4. ਸਾਇੰਸ-ਸਿਟੀ ਦਾ ਨਾਂ ਕਿਸ ਦੇ ਨਾਂ 'ਤੇ ਰੱਖਿਆ ਗਿਆ?**

ੳ. ਪੁਸ਼ਪਾ ਗੁਜਰਾਲ ਦੇ
ਅ. ਇੰਦਰ ਕੁਮਾਰ ਗੁਜਰਾਲ ਦੇ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**5. ਸਾਇੰਸ-ਸਿਟੀ ਕਿਸ ਨੇ ਬਣਾਇਆ?**

ੳ. ਕੇਂਦਰ ਸਰਕਾਰ ਨੇ
ਅ. ਪੰਜਾਬ ਸਰਕਾਰ ਨੇ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸਾਇੰਸ-ਸਿਟੀ ਵਿੱਚ ਬਣੀ ਝੀਲ ਦੇ ਵਿਚਕਾਰ ਇੱਕ ਟਾਪੂ ਬਣਾਇਆ ਗਿਆ ਹੈ, ਜਿਸ 'ਤੇ ਡਾਇਨਾਸੋਰਾਂ ਦੇ ਲਗ-ਭਗ 44 ਮਾਡਲ ਆਪਣੀ ਕਹਾਣੀ ਆਪ ਬਿਆਨ ਕਰਦੇ ਹਨ। ਫ਼ਾਈਬਰ ਦੇ ਬਣੇ ਇਹ ਮਾਡਲ ਲਗ-ਭਗ ਕੁਦਰਤੀ ਲੱਗਦੇ ਹਨ। ਇਸ ਪਾਰਕ ਵਿੱਚ ਪੌਦੇ ਵੀ ਉਸ ਸਮੇਂ ਦੇ ਹੀ ਲਾਉਣ ਦਾ ਯਤਨ ਕੀਤਾ ਗਿਆ ਹੈ। ਡਾਇਨਾਸੋਰ ਦਾ ਅੰਤ ਕਿਵੇਂ ਹੋਇਆ ਇਸ ਪਿੱਛੇ ਬਹੁਤ ਸਾਰੀਆਂ ਥਿਊਰੀਆਂ ਕੰਮ ਕਰਦੀਆਂ ਹਨ ਪਰ ਪ੍ਰਚਲਿਤ ਸਿਧਾਂਤ ਦੇ ਮੁਤਾਬਕ ਇਹਨਾਂ ਦਾ ਅੰਤ ਜਵਾਲਾਮੁਖੀ ਦੇ ਫਟਣ ਕਾਰਨ ਤੇ ਵਾਤਾਵਰਨ ਠੀਕ ਨਾ ਹੋਣ ਕਾਰਨ ਮੰਨਿਆ ਜਾਂਦਾ ਹੈ। ਇਸ ਕਰਕੇ ਹੀ ਸਾਇੰਸ-ਸਿਟੀ ਵਿੱਚ ਜਵਾਲਾਮੁਖੀ ਦਾ ਇੱਕ ਵਿਸ਼ਾਲ ਮਾਡਲ ਬਣਾਇਆ ਗਿਆ ਹੈ ਅਤੇ ਇਸ ਦੇ ਅੰਦਰ ਹਿਲਦੇ-ਜੁਲਦੇ ਡਾਇਨਾਸੋਰ ਲਾਏ ਗਏ ਹਨ। ਇਹਨਾਂ ਨੂੰ ਵੇਖ ਕੇ ਤਾਂ ਇੰਞ ਲੱਗਦਾ ਹੈ ਜਿਵੇਂ ਇਹ ਤੁਹਾਡੇ ਨਾਲ਼ ਗੱਲਾਂ ਕਰਨੀਆਂ ਚਾਹੁੰਦੇ ਹਨ।

**6. ਸਾਇੰਸ-ਸਿਟੀ ਵਿੱਚ ਬਣੀ ਝੀਲ ਵਿਚਕਾਰ ਕੀ ਬਣਾਇਆ ਗਿਆ ਹੈ?**

ੳ. ਟਾਪੂ
ਅ. ਘਰ
ੲ. ਪਿੰਡ
ਸ. ਸ਼ਹਿਰ।

**7. ਟਾਪੂ ਵਿੱਚ ਕਿੰਨੇ ਡਾਇਨਾਸੋਰਾਂ ਦੇ ਮਾਡਲ ਹਨ?**

ੳ. 14
ਅ. 24
ੲ. 44
ਸ. 34

**8. ਡਾਇਨਾਸੋਰਾਂ ਦੇ ਮਾਡਲ ਕਿਸ ਚੀਜ਼ ਦੇ ਬਣੇ ਹੋਏ ਹਨ?**

ੳ. ਸਟੀਲ ਦੇ
ਅ. ਲੱਕੜ ਦੇ
ੲ. ਸੀਮਿੰਟ ਦੇ
ਸ. ਫ਼ਾਈਬਰ ਦੇ।

**9. ਡਾਇਨਾਸੋਰਾਂ ਦਾ ਅੰਤ ਕਿਸ ਚੀਜ਼ ਨਾਲ਼ ਹੋਇਆ?**

ੳ. ਬੰਬ ਫਟਣ ਨਾਲ਼
ਅ. ਜਵਾਲਾਮੁਖੀ ਫਟਣ ਨਾਲ਼
ੲ. ਵਾਤਾਵਰਨ ਠੀਕ ਨਾ ਹੋਣ ਕਾਰਨ
ਸ. ਅ ਅਤੇ ੲ ਦੋਵੇਂ ਸਹੀ।

**10. ਜਵਾਲਾਮੁਖੀ ਦਾ ਵਿਸ਼ਾਲ ਮਾਡਲ ਕਿੱਥੇ ਬਣਾਇਆ ਗਿਆ ਹੈ?**

ੳ. ਝੀਲ ਵਿੱਚ
ਅ. ਸ਼ਹਿਰ ਵਿੱਚ
ੲ. ਪਾਰਕ ਵਿੱਚ
ਸ. ਉਪਰੋਕਤ ਵਿੱਚੋਂ ਕੋਈ ਨਹੀ।

## ਪਾਠ-22 (ਸ਼ਿਵ ਸਿੰਘ: ਬੁੱਤ ਘਾੜਾ)

## ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਸ਼ਿਵ ਸਿੰਘ ਦਾ ਜਨਮ 5 ਜੁਲਾਈ, 1938 ਈਸਵੀ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਸੀ ਗ਼ੁਲਾਮ ਹੁਸੈਨ ਵਿੱਚ ਹੋਇਆ। ਇਹ ਪਿੰਡ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ 'ਚ ਵੱਸਿਆ ਹੋਇਆ ਹੈ। ਇੱਥੇ ਸ਼ਿਵ ਸਿੰਘ ਦੇ ਪੁਰਖੇ ਖੇਤੀਬਾੜੀ ਦਾ ਕੰਮ ਕਰਦੇ ਸਨ। ਸ਼ਿਵ ਸਿੰਘ ਦੇ ਮਾਪਿਆਂ ਨੇ ਉਸ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਪਾਲ਼ਿਆਂ। ਮਾਂ-ਬਾਪ ਨੇ ਉਸ ਨੂੰ ਗੁਰਬਾਣੀ, ਲੋਕ-ਕਥਾਵਾਂ ਅਤੇ ਲੋਕ-ਸਾਹਿਤ ਤੋਂ ਜਾਣੂ ਕਰਵਾਇਆ। ਸ਼ਿਵ ਸਿੰਘ ਨੂੰ ਬਚਪਨ ਤੋਂ ਹੀ ਕੁਦਰਤ ਨਾਲ਼ ਲਗਾਅ ਸੀ। ਉਹ ਪਿੰਡ ਦੇ ਕੋਲ਼ੋਂ ਲੰਘਦੇ ਭੰਗੀ ਚੋਅ ਵਿੱਚ ਖੇਡਣ ਚਲਾ ਜਾਂਦਾ। ਚੀਕਣੀ ਮਿੱਟੀ ਨਾਲ਼ ਆਪਣੇ ਪੈਰਾਂ ਉੱਪਰ ਘਰ ਉਸਾਰਦਾ, ਰੇਤ ਨਾਲ਼ ਘੁੱਗੂ-ਘੋੜੇ ਬਣਾਉਂਦਾ। ਚੋਅ ਦੇ ਸਰਕੰਡੇ ਦੇ ਤੀਲ੍ਹਿਆਂ ਨਾਲ਼ ਬਾਲ-ਖਿਡੌਣੇ ਊਠ, ਘੋੜੇ, ਛੁਣਛੁਣੇ ਤੇ ਪੰਛੀ ਬਣਾ-ਬਣਾ ਆਪਣਾ ਸ਼ੌਕ ਪੂਰਾ ਕਰਦਾ। ਪਾਣੀ 'ਚ ਤਰਦੀਆਂ ਲੱਕੜਾਂ ਨੂੰ ਬਾਹਰ ਕੱਢ ਲੈਂਦਾ ਤੇ ਉਹਨਾਂ ਵਿੱਚ ਪਸ਼ੂਆਂ ਤੇ ਜਾਨਵਰਾਂ ਦੇ ਰੂਪ ਘੜਨ ਲੱਗਦਾ। ਮਾਪਿਆਂ ਨੂੰ ਆਪਣੇ ਪੁੱਤਰ ਵਿੱਚੋਂ ਪ੍ਰਤਿਭਾਸ਼ਾਲੀ ਮਨੁੱਖ ਦਿਸਣ ਲੱਗਿਆ।

**1. ਸ਼ਿਵ ਸਿੰਘ ਦਾ ਜਨਮ ਕਦੋਂ ਹੋਇਆ?**

ੳ. 5 ਜੁਲਾਈ, 1938 ਈ. ਨੂੰ  
ਅ. 5 ਜੁਲਾਈ, 1983 ਈ. ਨੂੰ  
ੲ. 15 ਜੁਲਾਈ, 1938 ਈ. ਨੂੰ  
ਸ. 15 ਜੁਲਾਈ, 1983 ਈ. ਨੂੰ।

**2. ਸ਼ਿਵ ਸਿੰਘ ਨੂੰ ਬਚਪਨ ਵਿੱਚ ਕਿਸ ਨਾਲ਼ ਲਗਾਅ ਸੀ?**

ੳ. ਮਾਪਿਆਂ ਨਾਲ਼  
ਅ. ਜਾਨਵਰਾਂ ਨਾਲ਼  
ੲ. ਕੁਦਰਤ ਨਾਲ਼  
ਸ. ਖੇਤੀਬਾੜੀ ਨਾਲ਼।

**3. ਸ਼ਿਵ ਸਿੰਘ ਦੇ ਮਾਂ-ਬਾਪ ਨੇ ਉਸ ਨੂੰ ਕਿਸ ਤੋਂ ਜਾਣੂ ਕਰਵਾਇਆ?**

ੳ. ਗੁਰਬਾਣੀ ਤੋਂ  
ਅ. ਲੋਕ-ਕਥਾਵਾਂ ਤੋਂ  
ੲ. ਲੋਕ-ਸਾਹਿਤ ਤੋਂ  
ਸ. ਉਪਰੋਕਤ ਸਾਰੇ।

**4. ਸ਼ਿਵ ਸਿੰਘ ਸਰਕੰਡੇ ਦੇ ਤੀਲ੍ਹਿਆਂ ਨਾਲ਼ ਕਿਹੜੇ ਖਿਡੌਣੇ ਬਣਾਉਂਦਾ ਸੀ?**

ੳ. ਊਠ  
ਅ. ਘੋੜੇ  
ੲ. ਪੰਛੀ  
ਸ. ਉਪਰੋਕਤ ਸਾਰੇ।

**5. ਸ਼ਿਵ ਸਿੰਘ ਦੇ ਪਿੰਡ ਦਾ ਨਾਂ ਕੀ ਹੈ?**

ੳ. ਹੁਸ਼ਿਆਰਪੁਰ  
ਅ. ਬਸੀ ਗ਼ੁਲਾਮ ਹੁਸੈਨ  
ੲ. ਸ਼ਿਵਾਲਿਕ  
ਸ. ਉਪਰੋਕਤ ਵਿੱਚੋਂ ਕੋਈ ਨਹੀਂ।

## ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

1968 ਈਸਵੀ ਵਿੱਚ ਸ਼ਿਵ ਸਿੰਘ ਨੂੰ ਜਰਮਨ ਸਰਕਾਰ ਵੱਲੋਂ ਕਲਾ ਦੀ ਖੋਜ ਲਈ ਵਜ਼ੀਫ਼ੇ ਦੀ ਪੇਸ਼ਕਸ਼ ਹੋਈ ਜਿਹੜੀ ਇੱਕ ਪੰਜਾਬੀ ਕਲਾਕਾਰ ਲਈ ਬੜੇ ਮਾਣ ਵਾਲ਼ੀ ਗੱਲ ਸੀ। ਉੱਥੇ ਰਹਿੰਦਿਆਂ ਆਪ ਨੇ ਪਿੱਤਲ਼, ਤਾਂਬੇ, ਸਟੀਲ, ਜਿਸਤੀ-ਪਾਈਪ ਅਤੇ ਹੋਰ ਨਵੀਂ ਕਿਸਮ ਦੀ ਸਮਗਰੀ ਦੀ ਵਰਤੋਂ ਬੁੱਤਘਾੜੀ 'ਚ ਕੀਤੀ ਜੋ ਉਸ ਲਈ ਸੱਚ-ਮੁੱਚ ਹੀ ਨਵੇਂ ਅਨੁਭਵ ਸਨ। ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰਨ ਵਾਲ਼ੇ ਕਲਾਕਾਰ ਸ਼ਿਵ ਸਿੰਘ ਦੀ ਅਦਭੁਤ ਕਲਾ ਦਾ ਨਮੂਨਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਦੇਖਿਆ ਜਾ ਸਕਦਾ ਹੈ। ਉੱਥੇ 15 ਫ਼ੁੱਟ ਉੱਚੇ ਸੀਮਿੰਟ, ਕੰਕਰੀਟ ਤੇ ਲੋਹੇ ਦੇ ਬਣੇ ਵੱਡ-ਆਕਾਰੀ ਵਾਯੂਮੰਡਲ-ਬੁੱਤ ਕੁਦਰਤ ਦੇ ਅਨੰਤ ਰੂਪਾਂ ਨੂੰ ਪੇਸ਼ ਕਰਦੇ ਹਨ। 1973 ਈਸਵੀ ਵਿੱਚ ਸ਼ਿਵ ਸਿੰਘ ਨੇ ਲੜਕੀਆਂ ਦੇ ਹੋਮ-ਸਾਇੰਸ ਕਾਲਜ ਚੰਡੀਗੜ੍ਹ ਵਿੱਚ ਆਰਟ ਲੈਕਚਰਾਰ ਵਜੋਂ ਸੇਵਾ ਸੰਭਾਲ਼ੀ ਅਤੇ ਇੱਥੋਂ ਹੀ ਸੇਵਾ-ਮੁਕਤ ਹੋਏ। ਇਸ ਦੌਰਾਨ ਉਹਨਾਂ ਦਾ ਮੇਲ਼ ਡਾ. ਐੱਮ. ਐੱਸ. ਰੰਧਾਵਾ ਨਾਲ਼ ਹੋਇਆ ਜਿਨ੍ਹਾਂ ਨੇ ਉਸ ਦੀ ਕਲਾ ਨੂੰ ਭਰਪੂਰ ਮਾਨਤਾ ਦਿੱਤੀ। ਪੰਜਾਬ ਕਲਾ-ਭਵਨ ਸੈਕਟਰ 16 ਚੰਡੀਗੜ੍ਹ ਵਿਖੇ ਸ਼ਿਵ ਸਿੰਘ ਦੀ ਲੋਹੇ ਦੇ ਪਾਈਪਾਂ ਦੀ ਕਲਾ-ਕ੍ਰਿਤ 'ਪੰਜਾਬ ਦੇ ਭੰਗੜਾ ਪਾਉਂਦੇ ਜੁਆਨ' ਆਪਣੀ ਵੱਖਰੀ ਪਛਾਣ ਰੱਖਦੀ ਹੈ। 1964 ਈਸਵੀ ਤੋਂ ਹੁਣ ਤੱਕ ਸ਼ਿਵ ਸਿੰਘ ਆਪਣੀ ਕਲਾ ਦੀਆਂ ਲਗ-ਪਗ 50 ਪ੍ਰਦਰਸ਼ਨੀਆਂ ਲਾ ਚੁੱਕਿਆ ਹੈ।

**6. ਸ਼ਿਵ ਸਿੰਘ ਨੂੰ ਜਰਮਨ ਸਰਕਾਰ ਵੱਲੋਂ ਕੀ ਪੇਸ਼ਕਸ ਹੋਈ?**

ੳ. ਵਜੀਫ਼ੇ ਦੀ  
ਅ. ਲੈਕਚਰਾਰ ਦੀ  
ੲ. ੳ ਤੇ ਅ ਦੋਵੇਂ  
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਸ਼ਿਵ ਸਿੰਘ ਨੇ ਬੁੱਤਘਾੜੀ ਲਈ ਕਿਹੜੀ ਨਵੀਂ ਸਮਗਰੀ ਦੀ ਵਰਤੋਂ ਕੀਤੀ?**

ੳ. ਪਿੱਤਲ    ਅ. ਤਾਂਬਾ

ੲ. ਸਟੀਲ ਤੇ ਜਿਸਤੀ ਪਾਇਪ    ਸ. ਉਪਰੋਕਤ ਸਾਰੇ।

**8. ਸ਼ਿਵ ਸਿੰਘ ਦੀ ਅਦਭੁਤ ਕਲਾ ਦਾ ਨਮੂਨਾ ਕਿੱਥੇ ਵੇਖਿਆ ਜਾ ਸਕਦਾ ਹੈ?**

ੳ. ਜਰਮਨ ਵਿੱਚ    ਅ. ਅਮਰੀਕਾ ਵਿੱਚ

ੲ. ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ    ਸ. ਕਨੇਡਾ ਵਿੱਚ।

**9. ਸ਼ਿਵ ਸਿੰਘ ਨੇ ਆਰਟ ਲੈਕਚਰਾਰ ਵਜੋਂ ਕਿੱਥੇ ਸੇਵਾ ਸੰਭਾਲੀ?**

ੳ. ਜਰਮਨ ਵਿਖੇ    ਅ. ਚੰਡੀਗੜ੍ਹ ਵਿਖੇ

ੲ. ਲੁਧਿਆਣੇ ਵਿਖੇ    ਸ. ਉਪਰੋਕਤ ਵਿੱਚੋਂ ਕੋਈ ਨਹੀਂ।

**10. ਪੰਜਾਬ ਕਲਾ-ਭਵਨ ਸੈਕਟਰ-16 ਚੰਡੀਗੜ੍ਹ ਵਿਖੇ ਸ਼ਿਵ ਸਿੰਘ ਦੀ ਕਿਹੜੀ ਕਲਾ ਵੱਖਰੀ ਪਛਾਣ ਰੱਖਦੀ ਹੈ?**

ੳ. ਪੰਜਾਬ ਦੇ ਭੰਗੜਾ ਪਾਉਂਦੇ ਜੁਆਨ    ਅ. ਲੱਕੜ 'ਤੇ ਕੀਤੀ ਕਲਾਕਾਰੀ

ੲ. ਸੀਮਿੰਟ ਦੇ ਬਣਾਏ ਬੁੱਤ    ਸ. ਉਪਰੋਕਤ ਵਿੱਚੋਂ ਕੋਈ ਨਹੀਂ ।

## ਪਾਠ-23 (ਪਿੰਡ ਦੀ ਘੁਲਾੜੀ)

➢ **ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :**

**1. ਚੱਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ, ਬਲ਼ਦਾਂ ਦੀ ਜੋੜੀ ਅੱਗੇ-ਅੱਗੇ ਭੱਜਦੀ।**

**ਭਾਵ-ਅਰਥ :** ਗੰਨੇ ਪੀੜਨ ਵਾਲ਼ਾ ਵੇਲਣਾ ਚੱਲਦਾ ਬਹੁਤ ਸੋਹਣਾ ਲੱਗਦਾ ਹੈ। ਇਸ ਨੂੰ ਚਲਾਉਣ ਲਈ ਬਲ਼ਦਾਂ ਦੀ ਜੋੜੀ ਅੱਗੇ-ਅੱਗੇ ਭੱਜ ਰਹੀ ਹੈ।

**2. ਗੁੜ ਖਾਂਦੇ ਭਿੰਨ-ਭੇਦ, ਕੋਈ ਨਾ ਵਿਚਾਰਦਾ,**
**ਗੁੜ ਵਾਲ਼ਾ ਚੱਕ ਸਭ ਨੂੰ ਪਿਆਰਦਾ।**

**ਭਾਵ-ਅਰਥ :** ਗੁੜ ਖਾਂਦੇ ਕੋਈ ਕਿਸੇ ਪ੍ਰਕਾਰ ਦੇ ਭਿੰਨ-ਭੇਦ ਦੀ ਗੱਲ ਨਹੀਂ ਕਰਦਾ। ਹਰ ਇੱਕ ਨੂੰ ਗੁੜ ਵਾਲ਼ਾ ਚੱਕ ਬਹੁਤ ਪਿਆਰਾ ਹੈ।

**3. ਬਲ਼ਦਾਂ ਨੂੰ ਚਾਚਾ, ਚਾਵਾਂ ਨਾਲ਼ ਹੱਕਦਾ,**
**ਵੇਲਣੇ 'ਚ ਗੰਨੇ ਦੇਂਦਾ, ਤਾਇਆ ਨਾ ਥੱਕਦਾ।**

..............................................................................................................
..............................................................................................................
..............................................................................................................

**4. ਦਿਸੇ ਨਾ ਘੁਲਾੜੀ, ਪਿੰਡ ਯਾਦ ਆਂਵਦਾ,**
**ਸਾਂਭ ਲਵੋ ਵਿਰਸਾ, ਕਵੀ ਹੈ ਗਾਂਵਦਾ।**

..............................................................................................................
..............................................................................................................
..............................................................................................................

**5. ਗੰਨਿਆਂ ਦੀ ਭਰੀ 'ਛੱਜਾ' ਗਿਆ ਸੁੱਟ ਕੇ,**
**ਗੰਨੇ ਘੜੇ ਕਾਮਿਆਂ, ਕਮਾਦੋਂ ਕੱਟ ਕੇ।**

………………………………………………………………………………………
………………………………………………………………………………………
………………………………………………………………………………………

**ਪਾਠ-24 (ਭੂਆ)**

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਮੈਂ ਪੀੜ੍ਹੀ 'ਤੇ ਬੈਠਾ ਸਾਂ, ਭੂਆ ਭੁੰਜੇ ਬੈਠੀ ਦੋਂਹਾਂ ਹੱਥਾਂ ਨਾਲ਼ ਮੇਰੀ ਪਿੱਠ, ਮੇਰਾ ਸਿਰ, ਮੇਰਾ ਮੂੰਹ ਪਿਆਰਦੀ ਹੋਈ ਮੇਰੇ ਘਰ-ਬਾਰ ਦੀ, ਮੇਰੇ ਬਾਲਾਂ, ਮੇਰੀ ਘਰਵਾਲ਼ੀ ਦੀ ਸੁੱਖ-ਸਾਂਦ ਪੁੱਛ ਰਹੀ ਸੀ ਤੇ ਮੇਰੇ ਵੱਲੋਂ ਸਿਰਫ਼ ਇੱਕ ਉੱਤਰ ਘੜੀ-ਮੁੜੀ ਦੁਹਰਾਇਆ ਜਾ ਰਿਹਾ ਸੀ, "ਹਾਂ ਜੀ, ਆਹੋ ਜੀ, ਜੀ।" ਮੈਂ ਉਸ ਵੇਲ਼ੇ ਸੱਚ-ਮੁੱਚ ਆਪਣੇ-ਆਪ ਨੂੰ ਦਾੜ੍ਹੀ ਵਾਲ਼ਾ ਕਾਕਾ ਅਨੁਭਵ ਕਰ ਰਿਹਾ ਸੀ। ਤੇ "ਕੁੜੇ ਉੱਠ ਕੇ ਰੋਟੀ-ਟੁੱਕ ਦਾ ਆਹਰ ਕਰ। ਮੁੰਡਾ ਵੱਡੇ ਵੇਲ਼ੇ ਦਾ ਭੁੱਖਾ-ਭਾਣਾ ਹੋਵੇਗਾ" ਕਹਿ ਕੇ ਭੂਆ ਨੇ ਨੂੰਹ ਨੂੰ ਰਸੋਈ ਵੱਲ ਨਸਾਇਆ। ਮੈਂ ਬਥੇਰੀ ਨਾਂਹ-ਨੁੱਕਰ ਕੀਤੀ ਪਰ ਉੱਥੇ ਸੁਣਾਈ ਕਾਹਨੂੰ ਹੋਣੀ ਸੀ। ਭੁੱਖ ਮੈਨੂੰ ਉੱਕਾ ਨਹੀਂ ਸੀ। ਦੁਪਹਿਰ ਨੂੰ ਜੰਞ ਦੀ ਵਿਦਾਇਗੀ ਵੇਲ਼ੇ ਰੋਟੀ ਤੇ ਉਸ ਤੋਂ ਬਾਅਦ ਕੁਝ ਮਿਠਿਆਈ ਖਾਣੀ ਪਈ ਸੀ। ਉਸ ਨਾਲ਼ ਤਬੀਅਤ ਢਿੱਂਕ ਹੋ ਗਈ ਸੀ। ਮੈਂ ਦਿਲ ਨਾਲ਼ ਫ਼ੈਸਲਾ ਕੀਤਾ ਸੀ ਕਿ ਰਾਤੀਂ ਕੁਝ ਨਹੀਂ ਖਾਵਾਂਗਾ।

1. **ਭੂਆ ਭੁੰਜੇ ਬੈਠੀ ਹੋਈ ਸੀ ਪਰ ਲੇਖਕ ਕਿੱਥੇ ਬੈਠਾ ਹੋਇਆ ਸੀ?**
   ੳ. ਮੰਜੇ 'ਤੇ — ਅ. ਪੀੜ੍ਹੀ 'ਤੇ
   ੲ. ਕੁਰਸੀ 'ਤੇ — ਸ. ਉਪਰੋਕਤ ਵਿੱਚੋਂ ਕੋਈ ਨਹੀਂ।
2. **"ਕੁੜੇ ਉੱਠ ਕੇ ਰੋਟੀ-ਟੁੱਕ ਦਾ ਆਹਰ ਕਰ। ਮੁੰਡਾ ਵੱਡੇ ਵੇਲ਼ੇ ਦਾ ਭੁੱਖਾ-ਭਾਣਾ ਹੋਵੇਗਾ।" ਇਹ ਸ਼ਬਦ ਭੂਆ ਨੇ ਕਿਸ ਨੂੰ ਕਹੇ?**
   ੳ. ਲੇਖਕ ਨੂੰ — ਅ. ਜੰਞ ਨੂੰ
   ੲ. ਨੂੰਹ ਨੂੰ — ਸ. ਉਪਰੋਕਤ ਵਿੱਚੋਂ ਕੋਈ ਨਹੀਂ।
3. **ਕਿਸ ਨੂੰ ਉੱਕਾ ਭੁੱਖ ਨਹੀਂ ਸੀ?**
   ੳ. ਲੇਖਕ ਨੂੰ — ਅ. ਭੂਆ ਨੂੰ
   ੲ. ਨੂੰਹ ਨੂੰ — ਸ. ਉਪਰੋਕਤ ਸਾਰੇ।
4. **ਜੰਞ ਦੀ ਵਿਦਾਇਗੀ ਕਿਸ ਵੇਲ਼ੇ ਹੋਈ?**
   ੳ. ਸ਼ਾਮ ਨੂੰ — ਅ. ਦੁਪਹਿਰ ਨੂੰ
   ੲ. ਰਾਤ ਨੂੰ — ਸ. ਵੱਡੇ ਵੇਲ਼ੇ ਨੂੰ।
5. **ਪੈਰੇ ਵਿੱਚ ਆਏ ਵੱਡੇ-ਵੇਲ਼ੇ ਤੋਂ ਕੀ ਭਾਵ ਹੈ?**
   ੳ. ਸਵੇਰੇ ਸੁਵੱਖਤੇ — ਅ. ਦੁਪਹਿਰ
   ੲ. ਸ਼ਾਮ — ਸ. ਰਾਤ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਭੂਆ ਨੂੰ ਮਿਲ਼ਿਆਂ ਦਸਾਂ ਤੋਂ ਵਧੀਕ ਵਰ੍ਹੇ ਬੀਤ ਗਏ ਸਨ। ਮੇਰੇ ਵੱਡੇ-ਵਡੇਰਿਆਂ 'ਚੋਂ ਇਹੋ ਇੱਕ ਨਾਂ ਲੈਣ ਜੋਗੀ ਪੁਰਾਣੀ ਬੁੱਢੀ ਬਾਕੀ ਸੀ। ਅੱਜ ਵੀ ਉਹਨਾਂ ਦਿਨਾਂ ਦੀ ਸੁਪਨੇ ਵਾਂਗ ਮਾੜੀ ਜਿਹੀ ਯਾਦ ਬਾਕੀ ਹੈ ਜਦ ਨਿੱਕੇ ਹੁੰਦਿਆਂ ਭੂਆ ਮੈਨੂੰ ਉਂਗਲੀ ਲਾ ਕੇ, ਪਿਆਰ ਪੁਚਕਾਰ ਕੇ ਸਕੂਲ ਛੱਡਣ ਜਾਂਦੀ ਹੁੰਦੀ ਸੀ ਤੇ ਅੱਧੀ ਛੁੱਟੀ ਵੇਲ਼ੇ ਮੇਰੇ ਲਈ ਮਲ਼ਾਈ ਵਾਲ਼ੇ ਦੁੱਧ ਦਾ ਕੌਲ ਲਿਆਇਆ ਕਰਦੀ ਸੀ। ਏਸ ਗੱਲ ਨੂੰ ਤੀਹ-ਪੈਂਤੀ ਵਰ੍ਹੇ ਹੋ ਗਏ ਹੋਣੇ ਨੇ। ਮੈਂ ਐਤਕੀਂ ਜਦ ਆਪਣੇ ਇੱਕ ਰਿਸ਼ਤੇਦਾਰ ਦੇ ਮੁੰਡੇ ਦੀ ਸ਼ਾਦੀ 'ਤੇ ਗਿਆ ਤਾਂ ਭੂਆ ਨੂੰ ਮਿਲ਼ਨ ਦੀ ਖ਼ਾਹਸ਼ ਨੂੰ ਰੋਕ ਨਾ ਸਕਿਆ, ਭਾਵੇਂ ਕੱਚੀ ਸੜਕੇ ਪੂਰੇ ਪੰਜ ਮੀਲ ਜਾਂਦਿਆਂ ਤੇ ਏਨੇ ਹੀ ਆਉਂਦਿਆਂ ਮੈਨੂੰ ਕੱਢਣੇ ਪੈਣੇ ਸਨ। ਗਰਮੀ ਦੀ ਰੁੱਤ ਤੇ ਪੇਂਡੂ ਵਿਆਹ। ਸ਼ਹਿਰ ਵਿੱਚ ਰਹਿਣ ਵਾਲ਼ੇ ਬੰਦੇ ਨੂੰ ਜੇ ਦੋ ਚਾਰ ਡੰਗ ਅਜਿਹੇ ਵਿਆਹਾਂ ਦੀ ਰੋਟੀ ਖਾਣੀ ਪੈ ਜਾਵੇ ਤਾਂ ਚਾਰ ਚੌਕੇ ਸੋਲ਼ਾਂ ਡੰਗ ਹਾਜ਼ਮੇ ਦੇ ਚੂਰਨ ਤੇ ਫੱਕੀਆਂ ਵਰਤੇ ਬਿਨਾਂ ਖ਼ਲਾਸੀ ਨਹੀਂ ਹੁੰਦੀ। ਸ਼ੁਕਰ-ਸ਼ੁਕਰ ਕਰ ਕੇ ਦੋ ਰਾਤਾਂ ਕੱਟੀਆਂ ਤੇ ਤੀਜੇ ਦਿਨ ਮੈਂ ਜਾਂਞੀਆਂ

ਪਾਸੋਂ ਮਸੇਂ-ਮਸੇਂ ਖਹਿੜਾ ਛੁਡਾ ਕੇ ਭੂਆ ਦੇ ਪਿੰਡ ਤੁਰ ਪਿਆ। ਮੈਨੂੰ ਯਾਦ ਸੀ, ਨਿੱਕੇ ਹੁੰਦਿਆਂ ਮੇਰੀ ਭੂਆ ਪਤਲੇ ਫੁਲਕੇ ਚੁੱਲ੍ਹੇ ਵਿੱਚ ਫੁਲਾ ਕੇ ਕਿੱਡੇ ਪਿਆਰ ਨਾਲ਼ ਖੁਆਇਆ ਕਰਦੀ ਸੀ। ਸਵਾਰੀ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਦੁਪਹਿਰਾਂ ਦਾ ਤੁਰਿਆ ਮੈਂ ਸਾਰੇ ਰਾਹ ਘੱਟਾ ਫੱਕਦਾ ਕਿਤੇ ਪੈਲ਼ੀਆਂ ਵਿੱਚੋਂ ਤੇ ਕਿਤੇ ਸੜਕੇ-ਸੜਕੇ, ਸਤੇ ਪਏ ਭੂਆ ਦੇ ਪਿੰਡ ਪੁੱਜਾ।

**6. ਲੇਖਕ ਦੇ ਭੂਆ ਨੂੰ ਮਿਲ਼ਿਆਂ ਕਿੰਨ੍ਹੇ ਵਰ੍ਹੇ ਬੀਤ ਗਏ ਸਨ?**

ੳ. ਤੀਹ-ਪੈਂਤੀ ਵਰ੍ਹੇ | ਅ. ਦਸਾਂ ਤੋਂ ਵੱਧ ਵਰ੍ਹੇ
ੲ. ੳ ਤੇ ਅ ਦੋਵੇਂ ਸਹੀ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਨਿੱਕੇ ਹੁੰਦਿਆਂ ਲੇਖਕ ਨੂੰ ਸਕੂਲ ਕੌਣ ਛੱਡਣ ਜਾਂਦਾ ਸੀ?**

ੳ. ਭੂਆ | ਅ. ਰਿਸ਼ਤੇਦਾਰ
ੲ. ਸ਼ਹਿਰ ਵਿੱਚ ਰਹਿਣ ਵਾਲ਼ੇ ਬੰਦੇ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਨਿੱਕੇ ਹੁੰਦਿਆਂ ਲੇਖਕ ਲਈ ਅੱਧੀ ਛੁੱਟੀ ਵੇਲ਼ੇ ਭੂਆ ਕੀ ਲੈ ਕੇ ਆਇਆ ਕਰਦੀ ਸੀ?**

ੳ. ਮਲ਼ਾਈ ਵਾਲ਼ੇ ਦੁੱਧ ਦਾ ਕੌਲ | ਅ. ਪਤਲੇ ਫੁਲਕੇ
ੲ. ੳ ਤੇ ਅ ਦੋਵੇਂ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

**9. ਲੇਖਕ ਰਿਸ਼ਤੇਦਾਰ ਦੇ ਪਿੰਡ ਕਿਉਂ ਗਿਆ?**

ੳ. ਰੋਟੀ ਖਾਣ | ਅ. ਗਰਮੀ ਦੀ ਰੁੱਤ ਵੇਖਣ
ੲ. ਪਿੰਡ ਵੇਖਣ | ਸ. ਸ਼ਾਦੀ 'ਤੇ।

**10. ਲੇਖਕ ਭੂਆ ਦੇ ਪਿੰਡ ਕਿਵੇਂ ਪਹੁੰਚਿਆ?**

ੳ. ਘੱਟਾ ਫੱਕਦਾ | ਅ. ਪੈਲ਼ੀਆਂ ਵਿੱਚੋਂ ਲੰਘਦਾ
ੲ. ਸੜਕਾਂ ਰਾਹੀਂ | ਸ. ਉਪਰੋਕਤ ਸਾਰੇ।

## ਪਾਠ-25 (ਰੱਬ ਦੀ ਪੌੜੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਹਰ ਰੋਜ਼ ਮੈਂ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਕੋਲ਼ ਦੀ ਲੰਘਦਾ ਜਿਸ ਦਾ ਨਾਂ 'ਐਮਪਾਇਰ ਸਟੇਟ ਬਿਲਡਿੰਗ' ਹੈ ਪਰ ਮੇਰਾ ਕਦੇ ਇਸ ਉੱਤੇ ਚੜ੍ਹ ਕੇ ਦੇਖਣ ਨੂੰ ਜੀਅ ਨਹੀਂ ਸੀ ਕੀਤਾ। ਨਿਊਯਾਰਕ ਵਿੱਚ ਸੈਂਕੜੇ ਚੀਜ਼ਾਂ ਦੇ ਨਾਲ਼ ਇਹ ਸ਼ਬਦ ਜੁੜੇ ਹੋਏ ਹਨ: ਇਹ ਸਭ ਤੋਂ ਵੱਡੀ ਬੰਦਰਗਾਹ ਹੈ, ਇਹ ਸਭ ਤੋਂ ਵੱਡਾ ਅਮੀਰ ਆਦਮੀ ਹੈ, ਇਹ ਸਭ ਤੋਂ ਵੱਡਾ ਬਜ਼ਾਰ, ਇਹ ਸਭ ਤੋਂ ਵੱਡਾ ਥਿਏਟਰ, ਇਹ ਸਭ ਤੋਂ ਵੱਡਾ ਅਖ਼ਬਾਰ, ਇਹ ਸਭ ਤੋਂ ਵੱਡੀ ਸੱਟਾ-ਮੰਡੀ ਹੈ। ਹਰ ਚੀਜ਼ ਵੱਡੀ। ਨਿੱਕੀ ਚੀਜ਼ ਤਾਂ ਕਿਤੇ-ਕਿਤੇ ਦੇਖਣ ਨੂੰ ਮਿਲ਼ਦੀ ਹੈ। ਇੱਕ ਦਿਨ ਮੈਂ ਦੁਨੀਆ ਦੀ ਸਭ ਤੋਂ ਵੱਡੀ ਦੁਕਾਨ ਵਿੱਚ, ਜਿੱਥੇ ਸੂਈ ਤੋਂ ਲੈ ਕੇ ਹਵਾਈ ਜਹਾਜ਼ ਤੀਕ ਵਿਕਦਾ ਹੈ, ਜੁਰਾਬਾਂ ਦਾ ਇੱਕ ਜੋੜਾ ਖ਼ਰੀਦਣ ਗਿਆ। ਸੋਚਿਆ, ਇਸੇ ਬਹਾਨੇ ਇਸ ਵੱਡੀ ਦੁਕਾਨ ਦਾ ਨਜ਼ਾਰਾ ਵੀ ਕਰ ਲਵਾਂਗਾ। ਮੈਂ ਟੋਕੀਓ ਤੇ ਪੈਰਿਸ ਦੇ ਵੱਡੇ ਸਟੋਰ ਤੱਕੇ ਸਨ। ਉਹਨਾਂ ਦੀ ਸਜਾਵਟ, ਸ਼ਿੰਗਾਰ, ਤਰਤੀਬ ਤੱਕ ਕੇ ਬਹੁਤ ਪ੍ਰਭਾਵਿਤ ਹੋਇਆ ਸੀ। ਟੋਕੀਓ ਦੇ ਇੱਕ ਅੱਠ ਮੰਜ਼ਲਾ ਸਟੋਰ ਵਿੱਚ ਹਰ ਮੰਜ਼ਲ ਦੀ ਹਰ ਪੌੜੀ ਅੱਗੇ ਸਜੀ-ਸਜਾਈ ਜਪਾਨੀ ਕੁੜੀ ਇਸ ਲਈ ਖੜ੍ਹੀ ਹੁੰਦੀ ਕਿ ਹਰ ਆਉਣ-ਜਾਣ ਵਾਲ਼ੇ ਦਾ ਦੂਹਰੀ ਹੋ ਕੇ ਧੰਨਵਾਦ ਕਰੇ, ਗਾਹਕ ਚੀਜ਼ ਲਵੇ ਭਾਵੇਂ ਨਾ। ਸਟੋਰ ਦੇ ਵਿੱਚ ਰੈਸਟੋਰੈਂਟ, ਡਾਕਖ਼ਾਨਾ, ਫੁੱਲਾਂ ਦੀਆਂ ਕਿਆਰੀਆਂ ਅਤੇ ਬੱਚਿਆਂ ਦੇ ਦਿਲ-ਪਰਚਾਵੇ ਲਈ ਚਿੜੀਆ-ਘਰ ਵੀ ਸੀ। ਵਿਚਕਾਰ ਉੱਚੇ ਥੜ੍ਹੇ ਉੱਤੇ ਹੀਰਿਆਂ-ਪੰਨਿਆਂ ਨਾਲ਼ ਜੜੀ ਇੱਕ ਮੂਰਤੀ ਸੀ ਜੋ ਗਾਹਕਾਂ ਨੂੰ ਪ੍ਰਸੰਨ ਕਰਨ ਲਈ ਉੱਥੇ ਰੱਖੀ ਗਈ ਸੀ। ਉੱਥੇ ਫੁੱਲਾਂ ਦੇ ਗੁਲਦਸਤੇ ਅਤੇ ਬੂਟੇ ਸਨ। ਜੀਅ ਖ਼ੁਸ਼ ਹੋ ਗਿਆ।

**1. ਪੈਰੇ ਅਨੁਸਾਰ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਦਾ ਕੀ ਨਾਮ ਹੈ?**

ੳ. ਟੋਕੀਓ ਦੇ ਵੱਡੇ ਸਟੋਰ | ਅ. ਪੈਰਿਸ ਦੇ ਵੱਡੇ ਸਟੋਰ
ੲ. ਐਮਪਾਇਰ ਸਟੇਟ ਬਿਲਡਿੰਗ | ਸ. ਨਿਊਯਾਰਕ ਸ਼ਹਿਰ।

**2. ਨਿਊਯਾਰਕ ਵਿੱਚ ਸੈਂਕੜੇ ਚੀਜ਼ਾਂ ਦੇ ਨਾਲ਼ ਕਿਹੜੇ-ਕਿਹੜੇ ਸ਼ਬਦ ਜੁੜੇ ਹੋਏ ਹਨ?**

ੳ. ਸਭ ਤੋਂ ਵੱਡੀ ਬੰਦਰਗਾਹ | ਅ. ਸਭ ਤੋਂ ਵੱਡਾ ਅਮੀਰ ਆਦਮੀ
ੲ. ਸਭ ਤੋਂ ਵੱਡਾ ਬਜ਼ਾਰ | ਸ. ਉਪਰੋਕਤ ਸਾਰੇ।

**3. ਲੇਖਕ ਟੋਕੀਓ ਤੇ ਪੈਰਿਸ ਦੇ ਵੱਡੇ ਸਟੋਰ ਵੇਖ ਕੇ ਕਿਉਂ ਪ੍ਰਭਾਵਿਤ ਹੋਇਆ?**

ੳ. ਉਹਨਾਂ ਦੀ ਸਜਾਵਟ
ਅ. ਸ਼ਿੰਗਾਰ
ੲ. ਤਰਤੀਬ
ਸ. ਉਪਰੋਕਤ ਸਾਰੇ।

**4. ਟੋਕੀਓ ਦੇ ਇੱਕ ਅੱਠ ਮੰਜ਼ਲਾ ਸਟੋਰ ਵਿੱਚ ਹਰ ਮੰਜ਼ਲ ਦੀ ਹਰ ਪੌੜੀ ਅੱਗੇ ਸਜੀ-ਸਜਾਈ ਜਪਾਨੀ ਕੁੜੀ ਕਿਉਂ ਖੜ੍ਹੀ ਸੀ?**

ੳ. ਧੰਨਵਾਦ ਕਰਨ ਲਈ
ਅ. ਖ਼ਰੀਦਦਾਰੀ ਲਈ
ੲ. ਸ਼ਿੰਗਾਰ ਲਈ
ਸ. ਸਜਾਵਟ ਲਈ।

**5. ਸਟੋਰ ਦੇ ਵਿੱਚ ਕੀ ਕੁਝ ਸੀ?**

ੳ. ਰੈਸਟੋਰੈਂਟ
ਅ. ਡਾਕਖ਼ਾਨਾ
ੲ. ਫੁੱਲਾਂ ਦੀਆਂ ਕਿਆਰੀਆਂ ਤੇ ਚਿੜੀਆ-ਘਰ
ਸ. ਉਪਰੋਕਤ ਸਾਰੇ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

1 ਅਕਤੂਬਰ, 1929 ਨੂੰ ਪਹਿਲਾ ਟ੍ਰੱਕ ਇਸ ਥਾਂ ਦਾਖ਼ਲ ਹੋਇਆ ਤਾਂ ਜੁ ਇਸ ਥਾਂ 'ਤੇ ਬਣੇ ਹੋਟਲ ਨੂੰ ਢਾਹਿਆ ਜਾਵੇ। ਪੌਣੇ ਦੋ ਸਾਲ ਦੇ ਅੰਦਰ-ਅੰਦਰ ਇਹ ਵਿਚਿੱਤਰ ਮਹਿਲ ਤਿਆਰ ਹੋ ਗਿਆ। ਇਸ ਦੇ ਉੱਸਰਨ ਦੀ ਰਫ਼ਤਾਰ ਨੇ ਪੁਰਾਣੇ ਸਭ ਰਿਕਾਰਡ ਤੋੜ ਦਿੱਤੇ। 1930 ਵਿੱਚ ਉਸਾਰੀ ਦੇ ਇੰਨੇ ਨਵੀਨ ਯੰਤਰ ਤੇ ਸਾਇੰਸ ਦੀਆਂ ਇੰਨੀਆਂ ਕਾਢਾਂ ਨਹੀਂ ਸਨ ਜਿੰਨੀਆਂ ਅੱਜ-ਕੱਲ੍ਹ ਹਨ। ਫਿਰ ਵੀ ਹਰ ਹਫ਼ਤੇ ਸਾਢੇ ਚਾਰ ਮੰਜ਼ਲਾਂ ਤਿਆਰ ਹੋ ਜਾਂਦੀਆਂ। ਜਦੋਂ ਕੰਮ ਜ਼ੋਰਾਂ ਉੱਤੇ ਹੁੰਦਾ ਤਾ ਇੱਕ-ਇੱਕ ਦਿਨ ਵਿੱਚ ਹੀ ਡੇਢ ਮੰਜ਼ਲ ਉੱਸਰ ਜਾਂਦੀ। ਜਦੋਂ ਇਹ ਇਨਸਾਨੀ ਕਾਰੀਗਰੀ ਦਾ ਸ਼ਾਹਕਾਰ ਤਿਆਰ ਹੋਇਆ ਤਾਂ ਕਈ ਸਾਲ ਤੀਕ ਇਸ ਦੇ ਹਜ਼ਾਰਾਂ ਕਮਰੇ ਖ਼ਾਲੀ ਪਏ ਰਹੇ। ਦੋ-ਤਿੰਨ ਹੱਥਾਂ ਵਿੱਚ ਇਹ ਇਮਾਰਤ ਵਿਕੀ ਤੇ ਛੇਕੜ ਨਿਊਯਾਰਕ ਦੇ ਸ਼ਹਿਰੀਆਂ ਨੇ ਇਸ ਨੂੰ ਪ੍ਰਵਾਨ ਕਰ ਲਿਆ। ਇਸ ਵਿੱਚ ਸੈਂਕੜੇ ਦਫ਼ਤਰ ਹਨ ਜਿਨ੍ਹਾਂ ਵਿੱਚ ਹਜ਼ਾਰਾਂ ਆਦਮੀ ਕੰਮ ਕਰਦੇ ਹਨ। ਇਸ ਦੇ ਬਣਾਉਣ ਵਿੱਚ 60 ਹਜ਼ਾਰ ਟਨ ਫ਼ੌਲਾਦ ਖ਼ਰਚ ਹੋਇਆ। 74 ਲਿਫ਼ਟਾਂ ਹਨ, ਦੋ ਲੱਖ ਕਿਲੋਵਾਟ ਬਿਜਲੀ ਹਰ ਮਹੀਨੇ ਖ਼ਰਚ ਹੁੰਦੀ ਹੈ, ਇਸ ਦੀਆਂ ਸਾਢੇ ਛੇ ਹਜ਼ਾਰ ਖਿੜਕੀਆਂ ਨੂੰ ਮਜ਼ਦੂਰ ਦਿਨ-ਰਾਤ ਸਾਫ਼ ਕਰਦੇ ਰਹਿੰਦੇ ਹਨ ਅਤੇ ਇੱਕ ਖਿੜਕੀ ਦੀ ਵਾਰੀ ਪੰਦਰਾਂ ਦਿਨਾਂ ਪਿੱਛੋਂ ਆਉਂਦੀ ਹੈ। ਇੱਥੇ 1860 ਪੌੜੀਆਂ ਹਨ। ਦੋ ਸੌ ਔਰਤਾਂ ਇਸ ਦੇ ਕਮਰਿਆਂ ਨੂੰ ਹਰ ਰੋਜ਼ ਸਾਫ਼ ਕਰਦੀਆਂ ਹਨ ਅਤੇ 35000 ਦਰਸ਼ਕ ਇਸ ਉੱਤੇ ਚੜ੍ਹ ਕੇ ਨਿਊਯਾਰਕ ਦਾ ਨਜ਼ਾਰਾ ਮਾਣਦੇ ਹਨ।

**6. ਕਿੰਨੇ ਸਮੇਂ ਵਿੱਚ ਇਹ ਵਿਚਿੱਤਰ ਮਹਿਲ ਬਣ ਕੇ ਤਿਆਰ ਹੋਇਆ?**

ੳ. ਕਈ ਸਾਲ
ਅ. ਪੌਣੇ ਦੋ ਸਾਲ
ੲ. ਸਾਢੇ ਛੇ ਹਜ਼ਾਰ ਸਾਲ
ਸ. ਸਾਢੇ ਚਾਰ ਸਾਲ।

**7. ਇੱਕ ਹਫ਼ਤੇ ਵਿੱਚ ਕਿੰਨੀਆਂ ਮੰਜ਼ਲਾਂ ਤਿਆਰ ਹੋ ਜਾਂਦੀਆਂ ਸਨ?**

ੳ. ਡੇਢ ਮੰਜ਼ਲਾਂ
ਅ. ਪੌਣੇ ਦੋ ਮੰਜ਼ਲਾਂ
ੲ. ਤਿੰਨ ਮੰਜ਼ਲਾਂ
ਸ. ਸਾਢੇ ਚਾਰ ਮੰਜ਼ਲਾਂ।

**8. ਇਸ ਵਿੱਚ ਕਿੰਨੇ ਆਦਮੀ ਕੰਮ ਕਰਦੇ ਹਨ?**

ੳ. ਹਜ਼ਾਰਾਂ ਆਦਮੀ
ਅ. ਲੱਖਾਂ ਆਦਮੀ
ੲ. ਸੈਂਕੜੇ ਆਦਮੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ ।

**9. ਇਸ ਇਮਾਰਤ ਨੂੰ ਬਣਾਉਣ ਲਈ ਕਿੰਨਾ ਫ਼ੌਲਾਦ ਖ਼ਰਚ ਹੋਇਆ?**

ੳ. 18 ਹਜ਼ਾਰ ਟਨ
ਅ. 35 ਹਜ਼ਾਰ ਟਨ
ੲ. 60 ਹਜ਼ਾਰ ਟਨ
ਸ. 35 ਸੌ ਟਨ।

**10. ਇਸ ਇਮਾਰਤ ਵਿੱਚ ਹਰ ਮਹੀਨੇ ਕਿੰਨੀ ਬਿਜਲੀ ਖ਼ਰਚ ਹੁੰਦੀ ਹੈ?**

ੳ. 55 ਲੱਖ ਕਿਲੋਵਾਟ
ਅ. ਪੌਣੇ ਦੋ ਲੱਖ ਕਿਲੋਵਾਟ
ੲ. 60 ਲੱਖ ਕਿਲੋਵਾਟ
ਸ. ਦੋ ਲੱਖ ਕਿਲੋਵਾਟ।

**ਪਾਠ-26 (ਗੱਗੂ)**

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਮੈਂ ਆਪਣੇ ਸਕੂਲੋਂ ਆਉਂਦਿਆਂ ਬਸਤਾ ਕੰਧੋਲ਼ੀ 'ਤੇ ਰੱਖ ਕੇ ਚਾਹ ਪੀਣ ਲਈ ਮਾਂ ਦੇ ਪੈਰਾਂ ਹੇਠ ਅੱਗ ਮਚਾ ਦਿੱਤੀ। ਮਾਂ ਨੇ ਝੱਟ-ਪੱਟ ਪਿੱਤਲ਼ ਦੇ ਗਲਾਸ ਵਿੱਚ ਚਾਹ ਪਾ ਕੇ ਫੜਾਉਂਦਿਆਂ ਕਿਹਾ, "ਭਲ਼ਕੇ ਤਾਂ ਮੈਂ ਆਪਣੇ ਪੁੱਤਰ ਨੂੰ ਬਾਹੁਲ਼ੀ ਖਾਣ ਨੂੰ ਦੇਵਾਂਗੀ।" "ਬਾਹੁਲ਼ੀ।" ਮੈਂ ਹੈਰਾਨੀ ਨਾਲ਼ ਪੁੱਛਿਆ। "ਹਾਂ, ਬਾਹਲ਼ੀ, ਅੱਜ ਦੁਪਹਿਰੇ ਆਪਣੀ ਮੀਣੀ ਮੱਝ ਸੂ ਪਈ ਹੈ, ਬਹੁਤ ਸੋਹਣਾ ਪੰਜ-ਕਲਿਆਣਾ ਕੱਟਾ ਦਿੱਤਾ ਐ।" ਇਹ ਸੁਣ ਕੇ ਮੈਂ ਅੱਧੀ ਚਾਹ ਗਲਾਸ ਵਿੱਚ ਹੀ ਛੱਡ ਕੇ ਮੀਣੀ ਮੱਝ ਦੀ ਖੁਰਲੀ ਵੱਲ ਨੂੰ ਭੱਜ ਗਿਆ। ਖੁਰਲੀ ਦੇ ਮੁੱਢ 'ਚ ਮੱਝ ਮੂਹਰੇ ਬਹੁਤ ਸੋਹਣਾ, ਸ਼ਾਹ-ਕਾਲ਼ਾ ਕੱਟਾ ਪਿਆ ਸੀ। ਪਿਆਰਾ-ਪਿਆਰਾ ਤੇ ਭੋਲੂ ਜਿਹਾ। ਉਸ ਦਾ ਬੱਲ੍ਹਾ ਮੱਥਾ (ਚਿੱਟੇ ਫੁੱਲ ਵਾਲ਼ਾ) ਮੈਨੂੰ ਗੋਰਾ-ਗੋਰਾ ਲੱਗਿਆ। ਚਾਰੇ ਖੁਰ ਹੇਠੋਂ ਇੱਕ-ਇੱਕ ਗਿੱਠ ਚਿੱਟੇ ਜਿਵੇਂ ਚਹੁੰਆਂ ਨੂੰ ਮਿਣ ਕੇ ਚਿੱਟਾ ਰੰਗ ਕੀਤਾ ਹੋਵੇ। ਪੂਛ ਦਾ ਪਿਛਲਾ ਹਿੱਸਾ ਵੀ ਥੋੜ੍ਹਾ ਜਿਹਾ ਬੱਗਾ ਸੀ। ਮੱਝ, ਕੱਟੇ ਨੂੰ ਪਿਆਰ ਨਾਲ਼ ਚੱਟ ਕੇ ਮਮਤਾ ਵੀ ਵਿਖਾ ਰਹੀ ਸੀ ਤੇ ਉਸ ਦੇ ਮਿੱਟੀ ਨਾਲ਼ ਲਿੱਬੜੇ ਪਿੰਡੇ ਨੂੰ ਜੀਭ ਨਾਲ਼ ਸਾਫ਼ ਵੀ ਕਰ ਰਹੀ ਸੀ। ਉਹ ਕਦੇ ਕੱਟੇ ਦੀਆਂ ਅੱਖਾਂ ਚੱਟਦੀ, ਕਦੇ ਮੱਥਾ ਚੱਟਦੀ, ਕਦੇ ਕੰਨ ਚੱਟਦੀ, ਕਦੇ 'ਪੁੱਚ-ਪੁੱਚ' ਕਰ ਕੇ ਉਹਦੇ ਸਾਰੇ ਪਿੰਡੇ 'ਤੇ ਹੀ ਜੀਭ ਫੇਰ ਦਿੰਦੀ। ਪਹਿਲੀ-ਨਜ਼ਰੇ ਹੀ ਮੈਨੂੰ ਕੱਟੇ ਨਾਲ਼ ਪਿਆਰ ਜਿਹਾ ਹੋ ਗਿਆ।

**1. ਲੇਖਕ ਨੇ ਕੀ ਪੀਣ ਲਈ ਮਾਂ ਦੇ ਪੈਰਾਂ ਹੇਠ ਅੱਗ ਮਚਾ ਦਿੱਤੀ?**

ੳ. ਬਾਹੁਲ਼ੀ
ਅ. ਚਾਹ
ੲ. ੳ ਤੇ ਅ ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**2. ਮਾਂ ਨੇ ਪੁੱਤਰ ਨੂੰ ਕਿਸ ਦੇ ਸੂ ਪੈਣ ਦੀ ਖ਼ਬਰ ਦੱਸੀ?**

ੳ. ਮੀਣੀ ਮੱਝ
ਅ. ਮੀਣੀ ਗਾਂ ਦੇ
ੲ. ੳ ਤੇ ਅ ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**3. ਮੱਝ ਦਾ ਕੱਟਾ ਕਿਹੋ-ਜਿਹਾ ਸੀ?**

ੳ. ਬਹੁਤ ਸੋਹਣਾ
ਅ. ਪੰਜ-ਕਲਿਆਣਾ
ੲ. ਸ਼ਾਹ-ਕਾਲ਼ਾ
ਸ. ਉਪਰੋਕਤ ਸਾਰੇ।

**4. ਮੱਝ ਕੱਟੇ ਨੂੰ ਕਿਵੇਂ ਮਮਤਾ ਵਿਖਾ ਰਹੀ ਸੀ?**

ੳ. ਬਾਹੁਲ਼ੀ ਖਿਲਾ ਕੇ
ਅ. ਖੁਰਲੀ ਵੱਲ ਨੂੰ ਜਾ ਕੇ
ੲ. ਪਿਆਰ ਨਾਲ਼ ਚੱਟ ਕੇ
ਸ. ਭੱਜ ਕੇ।

**5. ਮੱਝ ਦੇ ਕੱਟੇ ਦੇ ਮੱਥੇ 'ਤੇ ਕੀ ਸੀ?**

ੳ. ਸ਼ਾਹ ਕਾਲ਼ਾ ਫੁੱਲ
ਅ. ਚਿੱਟਾ ਫੁੱਲ
ੲ. ੳ ਅਤੇ ਅ ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਕਈ ਦਿਨਾਂ ਬਾਅਦ ਮੇਰੇ ਜਮਾਤੀ ਦੋਸਤ ਪਾਲੇ ਨੇ ਦੱਸਿਆ, "ਤੇਰਾ ਗੱਗੂ ਤੇਰੇ ਬਾਪੂ ਨੇ ਆਪਣੇ ਹੀ ਪਿੰਡ ਦੇ ਦਲੀਪੇ ਨੂੰ ਵੇਚਦਿਆਂ ਮੈਂ ਆਪਣੀ ਅੱਖੀਂ ਵੇਖਿਆ ਸੀ। ਦਲੀਪਾ ਗੱਗੂ ਨੂੰ ਕਿੱਕਰ ਨਾਲ਼ ਨੂੜ ਕੇ ਨੱਥ ਮਾਰ ਰਿਹਾ ਸੀ। ਦਲੀਪੇ ਨੇ ਪਹਿਲਾਂ ਤਿੱਖਾ ਸੂਆ ਗੱਗੂ ਦੇ ਨੱਕ 'ਚੋਂ ਲੰਘਾਇਆ। ਫਿਰ ਮੋਰੀ ਵਿੱਚ ਦੀ ਰੱਸੀ ਦੀ ਨੱਥ ਪਾ ਦਿੱਤੀ।" ਪਾਲੇ ਨੇ ਦੱਸਿਆ, "ਜਦੋਂ ਦਲੀਪੇ ਨੇ ਗੱਗੂ ਦੇ ਨੱਕ 'ਚ ਮੋਰੀ ਕੀਤੀ, ਤਾਂ ਗੱਗੂ ਬਹੁਤ ਤੜਫਿਆ, ਬਹੁਤ ਅੜਿੰਗਿਆ, ਜਿਵੇਂ ਤੈਨੂੰ 'ਵਾਜ਼ਾਂ ਮਾਰ ਰਿਹਾ ਹੋਵੇ।" ਪਾਲੇ ਦੀ ਗੱਲ ਸੁਣਦਿਆਂ ਸਾਰ ਮੈਂ ਨੰਗੇ ਪੈਰੀਂ ਦਲੀਪੇ ਦੇ ਘਰ ਵੱਲ ਸੂਟ ਵੱਟ ਲਈ। ਮਾਂ ਨੇ ਮੈਨੂੰ ਪਿੱਛੋਂ ਫੜਨ ਦੀ ਕੋਸ਼ਸ਼ ਕੀਤੀ ਪਰ ਮੈਂ ਚਿੜੀ-ਪੂੰਝਾ ਛੁਡਾ ਕੇ ਭੱਜ ਗਿਆ। ਮੈਂ ਦਲੀਪੇ ਦੇ ਪਸ਼ੂਆਂ ਵਾਲ਼ੇ ਵਾੜੇ ਵਿੱਚ ਪਹੁੰਚ ਗਿਆ। ਗੱਗੂ ਇੱਕ ਨੁੱਕਰ 'ਚ ਗੋਹੇ ਨਾਲ਼ ਲਿੱਬੜਿਆ-ਤਿਬੜਿਆ ਉਦਾਸ ਖੜ੍ਹਾ ਸੀ। ਮੈਂ ਭੱਜ ਕੇ ਗੱਗੂ ਦੇ ਗਲ਼ ਨੂੰ ਚੰਬੜ ਗਿਆ। ਗੱਗੂ ਦਾ ਨੱਕ ਦੀ ਪੀੜ ਨੇ ਬੁਰਾ ਹਾਲ ਕਰ ਦਿੱਤਾ ਸੀ। ਗੱਗੂ ਨੇ ਮੈਨੂੰ ਦੇਖ ਦੇ ਅੜਿੰਗਣ ਦੀ ਕੋਸ਼ਸ਼ ਕੀਤੀ ਪਰ ਪੀੜ ਨਾਲ਼ ਉਸ ਦੀ ਅਵਾਜ਼ ਸੰਘ ਵਿੱਚ ਹੀ ਅਟਕ ਕੇ ਰਹਿ ਗਈ। ਉਸ ਨੇ ਸਿਰਫ਼ ਮੁਰਦਾ ਅਵਾਜ਼ ਵਿੱਚ ਹੀ ਮੇਰੀ ਹਾਕ ਦਾ ਹੁੰਗਾਰਾ ਭਰਿਆ। ਗੱਗੂ ਦੇਖਣ ਨੂੰ ਵੀ ਬਹੁਤ ਮਾੜਚੂ ਜਿਹਾ ਲੱਗ ਰਿਹਾ ਸੀ।

**6. ਪਾਲੇ ਨੇ ਲੇਖਕ ਨੂੰ ਕੀ ਦੱਸਿਆ?**

ੳ. ਗੱਗੂ ਦੇ ਵੇਚਣ ਬਾਰੇ | ਅ. ਜਮਾਤੀ ਦੋਸਤ ਬਾਰੇ
ੲ. ਨੰਗੇ ਪੈਰਾਂ ਬਾਰੇ | ਸ. ਪਸ਼ੂਆਂ ਬਾਰੇ।

**7. ਗੱਗੂ ਨੂੰ ਕਿੱਕਰ ਨਾਲ਼ ਨੂੜ ਕੇ ਨੱਥ ਕਿਸ ਨੇ ਪਾਈ?**

ੳ. ਜਮਾਤੀ ਦੋਸਤ ਨੇ | ਅ. ਲੇਖਕ ਨੇ
ੲ. ਦਲੀਪੇ ਨੇ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਨੱਥ ਨਾਲ਼ ਗੱਗੂ ਦਾ ਕੀ ਹਾਲ ਹੋਇਆ?**

ੳ. ਬਹੁਤ ਤੜਫਿਆ | ਅ. ਬਹੁਤ ਅੜਿੰਗਿਆ
ੲ. ਬਹੁਤ ਪੀੜ ਹੋਈ | ਸ. ਉਪਰੋਕਤ ਸਾਰੇ।

**9. ਪਾਲੇ ਦੀ ਗੱਲ ਸੁਣਦਿਆਂ ਸਾਰ ਲੇਖਕ ਨੇ ਕੀ ਕੀਤਾ?**

ੳ. 'ਵਾਜ਼ਾਂ ਮਾਰੀਆਂ | ਅ. ਨੱਕ ਵਿੱਚ ਮੋਰੀ ਕੀਤੀ
ੲ. ਦਲੀਪੇ ਦੇ ਘਰ ਵੱਲ ਦੌੜਿਆ | ਸ. ਉਦਾਸ ਖੜ੍ਹਾ ਹੋ ਗਿਆ।

**10. ਹੁਣ ਗੱਗੂ ਦੇਖਣ ਨੂੰ ਕਿਸ ਤਰ੍ਹਾਂ ਲੱਗ ਰਿਹਾ ਸੀ?**

ੳ. ਮੁਰਦਾ ਜਿਹਾ | ਅ. ਮਾੜਚੂ ਜਿਹਾ
ੲ. ਦੋਸਤ ਜਿਹਾ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

## ਪਾਠ-27 (ਵੱਡੇ ਭੈਣ ਜੀ)

- **ਹੇਠ ਲਿਖੇ ਵਾਰਤਾਲਾਪ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

**ਵਿੱਦਿਆ :** ਬੇਟਾ, ਸਾਰਾ ਦਿਨ ਖੇਡਿਆ ਨਾ ਕਰ, ਕੁਝ ਪੜ੍ਹ ਲੈ, ਭੈਣ ਜੀ ਦਾ ਦਿੱਤਾ ਹੋਮ ਵਰਕ ਪੂਰਾ ਕਰ ਲੈ। ਲਤਾ ਨੂੰ ਬੁਲਾ, ਉਹ ਤੈਨੂੰ ਪਹਾੜੇ ਯਾਦ ਕਰਵਾਏਗੀ। ਗੁਆਂਢੀਆਂ ਦੇ ਘਰ ਸਵਾਲ ਕੱਢਣ ਗਈ ਸੀ, ਉੱਥੇ ਹੀ ਬੈਠ ਗਈ।

**ਸੋਨੂੰ :** ਮੰਮੀ, ਇਹ ਸਵਾਲ ਨਹੀਂ ਸੀ ਕੱਢਦੀ, ਕੁਰਸੀ 'ਤੇ ਬੈਠੀ ਸੀ। ਬੁੱਲ੍ਹਾਂ ਨੂੰ ਲਾਲ ਸ਼ਾਹੀ, ਪਿੱਛੇ ਜੂੜਾ ਅਤੇ ਦੋ ਚੁੰਨੀਆਂ ਜੋੜ ਕੇ ਸਾੜ੍ਹੀ ਬੰਨੀ ਹੋਈ ਸੀ। ਵੇਖੋ, ਹੁਣ ਮੂੰਹ ਧੋ ਕੇ ਆਈ ਹੈ, ਭੈਣ ਜੀ ਬਣੀ ਬੈਠੀ ਸੀ।

**ਵਿੱਦਿਆ :** ਵੇਖ ਲਤਾ, ਹੁਣ ਮੈਂ ਤੈਨੂੰ ਕੁਝ ਨਹੀਂ ਆਖਦੀ ਪਰ ਅੱਗੋਂ ਉਹਨਾਂ ਦੇ ਘਰ ਸਵਾਲ ਕੱਢਣ ਨਹੀਂ ਜਾਣਾ।

**ਲਤਾ :** ਮੈਂ ਪੜ੍ਹ ਕੇ ਖੇਡਣ ਲੱਗੀ ਸੀ, ਮੰਮੀ। ਕੋਈ ਭੈੜੀ ਖੇਡ ਤਾਂ ਨਹੀਂ, ਭੈਣ ਜੀ ਹੀ ਬਣੀ ਸੀ।

**ਵਿੱਦਿਆ :** ਤੂੰ ਪੜ੍ਹ ਲੈ ਬੇਟੇ ਪਹਿਲਾਂ, ਮੈਂ ਤੈਨੂੰ ਸੱਚੀ-ਮੁੱਚੀ ਭੈਣ ਜੀ ਬਣਾ ਦਿਆਂਗੀ। ਲਾਲ ਬੁੱਲ੍ਹਾਂ ਅਤੇ ਸਾੜ੍ਹੀ ਵਾਲ਼ੀ ਨਹੀਂ ਸਗੋਂ ਅਜਿਹੀ ਭੈਣ ਜੀ ਜੋ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਕੇ ਚੰਗੇ ਬੱਚੇ ਬਣਾਵੇ ਤਾਂਕਿ ਬੱਚੇ ਝੂਠ ਨਾ ਬੋਲਣ, ਚੋਰੀ ਨਾ ਕਰਨ।

**ਵਿੱਦਿਆ :** ਪਹਿਲੀਆਂ ਤਿੰਨ ਸ਼੍ਰੇਣੀਆਂ ਤਾਂ ਮੈਂ ਸੋਨੂੰ ਦੀ ਭੈਣ ਜੀ ਵਾਂਗੂੰ ਡਰਾਉਣ ਵਾਲ਼ੀ ਭੈਣ ਜੀ ਤੋਂ ਪੜ੍ਹੀਆਂ। ਉਹ ਮੇਜ਼ 'ਤੇ ਡੰਡਾ ਮਾਰ ਕੇ ਡਰਾਉਂਦੇ ਰਹਿੰਦੇ ਸਨ, ਪੜ੍ਹਾਉਂਦੇ ਘੱਟ ਸਨ।

**1. ਲਤਾ ਕਿੱਥੇ ਗਈ ਸੀ?**

ੳ. ਸਕੂਲ | ਅ. ਕਾਲਜ
ੲ. ਗੁਆਂਢੀਆਂ ਦੇ ਘਰ | ਸ. ਬਜ਼ਾਰ।

**2. ਲਤਾ ਗੁਆਂਢੀਆਂ ਦੇ ਘਰ ਕਿਉਂ ਗਈ ਸੀ?**

ੳ. ਸਵਾਲ ਕੱਢਣ | ਅ. ਗੱਲਾਂ ਕਰਨ
ੲ. ਲੜਾਈ ਕਰਨ | ਸ. ਟੀ.ਵੀ. ਵੇਖਣ।

**3. ਸੋਨੂੰ ਅਨੁਸਾਰ ਲਤਾ ਗੁਆਂਢੀਆਂ ਦੇ ਘਰ ਕੀ ਕਰ ਰਹੀ ਸੀ?**

ੳ. ਪੜ੍ਹ ਰਹੀ ਸੀ | ਅ. ਭੈਣ ਜੀ ਬਣ ਕੇ ਬੈਠੀ ਸੀ
ੲ. ਝਾੜੂ ਲਗਾ ਰਹੀ ਸੀ | ਸ. ਰੋਟੀ ਬਣਾ ਰਹੀ ਸੀ।

**4. ਵਿੱਦਿਆ ਆਪਣੀ ਧੀ ਨੂੰ ਕੀ ਬਣਾਉਣਾ ਚਾਹੁੰਦੀ ਸੀ?**

ੳ. ਡਾਕਟਰ | ਅ. ਵਕੀਲ
ੲ. ਵੱਡੇ ਭੈਣ ਜੀ | ਸ. ਜੱਜ।

**5. ਸੋਨੂੰ ਦੇ ਭੈਣ ਜੀ ਕਿਹੋ-ਜਿਹੇ ਸਨ?**

ੳ. ਚੰਗੀਆਂ ਗੱਲਾਂ ਸਿਖਾਉਂਦੀ ਸੀ
ਅ. ਬਹੁਤ ਡਰਾਉਂਦੀ ਸੀ
ੲ. ਘੱਟ ਪੜ੍ਹਾਉਂਦੀ ਸੀ
ਸ. ਅ ਅਤੇ ੲ ਸਹੀ।

## ➢ ਹੇਠ ਲਿਖੇ ਵਾਰਤਾਲਾਪ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

**ਦੀਨ ਦਿਆਲ :** ਅੱਜ ਤਾਂ ਬੜੇ ਚੁੱਪ ਬੈਠੇ ਹੋ, ਜਿਵੇਂ ਸਕੂਲ ਵਿੱਚ ਭੈਣ ਜੀ ਕੋਲ਼ ਬੈਠੇ ਹੁੰਦੇ ਓ ।
**ਲਤਾ :** ਹਾਂ ਡੈਡੀ, ਹੁਣ ਅਸੀਂ ਚੰਗੇ ਬੱਚੇ ਬਣਾਂਗੇ। ਮੈਂ ਰੱਜ ਕੇ ਪੜ੍ਹਾਂਗੀ ਅਤੇ ਬੱਚਿਆਂ ਨੂੰ ਪੜ੍ਹਾਵਾਂਗੀ।
**ਦੀਨ ਦਿਆਲ :** ਅੱਜ ਤੁਸੀਂ ਕਿਹੋ-ਜਿਹੀਆਂ ਗੱਲਾਂ ਕਰਦੇ ਹੋ?
**ਸੋਨੂੰ :** ਹਾਂ ਡੈਡੀ, ਮੈਂ ਵੀ ਪੜ੍ਹ ਕੇ ਮਾਸਟਰ ਜੀ ਬਣਾਂਗਾ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਆਂਗਾ।
**ਵਿੱਦਿਆ :** ਤੁਸੀਂ ਦੱਸੋ, ਅੱਜ ਏਨੀ ਲੇਟ ਕਿਉਂ ਹੋਏ?
**ਦੀਨ ਦਿਆਲ :** ਕੀ ਦੱਸਾਂ ਵਿੱਦਿਆ, ਮੈਂ ਤਾਂ ਠੀਕ ਟਾਈਮ 'ਤੇ ਆ ਜਾਣਾ ਸੀ। ਜਦੋਂ ਚੁੰਗੀ ਕੋਲ਼ ਪਹੁੰਚਿਆ ਤਾਂ ਪਲੱਸ ਟੂ ਦੇ ਬੱਚਿਆਂ ਵਿੱਚ ਲੜਾਈ ਹੋ ਰਹੀ ਸੀ।
**ਵਿੱਦਿਆ :** ਅੱਜ-ਕੱਲ੍ਹ ਦੇ ਮੁੰਡੇ ਕੋਈ ਪੜ੍ਹਦੇ ਨੇ? ਲੜਦੇ ਨੇ। ਤੁਸੀਂ ਆ ਜਾਣਾ ਸੀ, ਤੁਹਾਨੂੰ ਕੀ?
**ਦੀਨ ਦਿਆਲ :** ਆ ਤਾਂ ਜਾਂਦਾ ਪਰ ਮੇਰੇ ਦੋਸਤ ਦੇ ਮੁੰਡੇ ਦੇ ਬਹੁਤ ਸੱਟਾਂ ਵੱਜੀਆਂ। ਉਸ ਨੂੰ ਹਸਪਤਾਲ ਛੱਡ ਕੇ ਆਇਆ ਹਾਂ।

**6. ਕੌਣ ਚੁੱਪ ਬੈਠੇ ਸਨ?**
ੳ. ਲਤਾ
ਅ. ਸੋਨੂੰ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਸੋਨੂੰ ਪੜ੍ਹ ਕੇ ਕੀ ਬਣਨਾ ਚਾਹੁੰਦਾ ਹੈ?**
ੳ. ਮਾਸਟਰ
ਅ. ਵਕੀਲ
ੲ. ਡਾਕਟਰ
ਸ. ਵੱਡਾ ਅਫ਼ਸਰ।

**8. ਕੌਣ ਲੇਟ ਆਇਆ ਸੀ?**
ੳ. ਸੋਨੂੰ
ਅ. ਦੀਨ ਦਿਆਲ
ੲ. ਵਿੱਦਿਆ
ਸ. ਲਤਾ।

**9. ਲੜਾਈ ਕਿੱਥੇ ਹੋ ਰਹੀ ਸੀ?**
ੳ. ਬਜ਼ਾਰ 'ਚ
ਅ. ਚੁੰਗੀ ਕੋਲ਼
ੲ. ਘਰ 'ਚ
ਸ. ਸਕੂਲ 'ਚ।

**10. ਕਿਹੜੀ ਜਮਾਤ ਦੇ ਬੱਚੇ ਲੜ ਰਹੇ ਸਨ?**
ੳ. ਦਸਵੀਂ ਦੇ
ਅ. ਅੱਠਵੀਂ ਦੇ
ੲ. ਪਲੱਸ ਟੂ ਦੇ
ਸ. ਪੰਜਵੀਂ ਦੇ।

## ਵਿਆਕਰਨ ਭਾਗ

1. **ਧੁਨੀਆਂ, ਲਗਾਂ ਅਤੇ ਲਗਾਖਰਾਂ ਦੇ ਸੁਮੇਲ ਤੋਂ ਕੀ ਬਣਦੇ ਹਨ?**
   ੳ. ਸ਼ਬਦ — ਅ. ਵਾਕ
   ੲ. ਅੱਖਰ — ਸ. ਉਪਰੋਕਤ ਵਿੱਚੋਂ ਕੋਈ ਨਹੀਂ।
2. **ਪ੍ਰਯੋਗ ਦੇ ਅਧਾਰ 'ਤੇ ਸਾਰਥਕ ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ?**
   ੳ. ਤਿੰਨ — ਅ. ਅੱਠ
   ੲ. ਪੰਜ — ਸ. ਛੇ।
3. **ਕਿਸੇ ਵਿਅਕਤੀ, ਵਸਤੂ, ਸਥਾਨ, ਹਾਲਤ, ਗੁਣ, ਭਾਵ ਆਦਿ ਦਾ ਬੋਧ ਕਰਾਉਣ ਵਾਲ਼ੇ ਸ਼ਬਦ ਹੁੰਦੇ ਹਨ :**
   ੳ. ਨਾਂਵ — ਅ. ਪੜਨਾਂਵ
   ੲ. ਕਿਰਿਆ — ਸ. ਵਿਸ਼ੇਸ਼ਣ।
4. **ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?**
   ੳ. ਦੋ — ਅ. ਤਿੰਨ
   ੲ. ਪੰਜ — ਸ. ਛੇ।
5. **ਕਿਸੇ ਵਸਤੂ, ਜੀਵ ਜਾਂ ਸਥਾਨ ਦੀ ਪੂਰੀ ਸ਼੍ਰੇਣੀ ਦਾ ਬੋਧ ਕਰਾਉਣ ਵਾਲ਼ੇ ਸ਼ਬਦ ਹੁੰਦੇ ਹਨ :**
   ੳ. ਆਮ ਨਾਂਵ — ਅ. ਖ਼ਾਸ ਨਾਂਵ
   ੲ. ਇਕੱਠ ਵਾਚਕ ਨਾਂਵ — ਸ. ਵਸਤੂ ਵਾਚਕ ਨਾਂਵ।
6. **ਕਿਸੇ ਖ਼ਾਸ ਵਿਅਕਤੀ, ਖ਼ਾਸ ਜੀਵ ਜਾਂ ਖ਼ਾਸ ਸਥਾਨ ਦੇ ਨਾਂ ਦਾ ਬੋਧ ਕਰਾਉਣ ਵਾਲ਼ੇ ਸ਼ਬਦ ਹੁੰਦੇ ਹਨ :**
   ੳ. ਆਮ ਨਾਂਵ — ਅ. ਖ਼ਾਸ ਨਾਂਵ
   ੲ. ਇਕੱਠ ਵਾਚਕ ਨਾਂਵ — ਸ. ਵਸਤੂ ਵਾਚਕ ਨਾਂਵ।
7. **ਕਿਸੇ ਭਾਵ, ਗੁਣ ਜਾਂ ਹਾਲਤ ਦਾ ਬੋਧ ਕਰਾਉਣ ਵਾਲ਼ੇ ਸ਼ਬਦ ਹੁੰਦੇ ਹਨ :**
   ੳ. ਆਮ ਨਾਂਵ — ਅ. ਖ਼ਾਸ ਨਾਂਵ
   ੲ. ਭਾਵ ਵਾਚਕ ਨਾਂਵ — ਸ. ਵਸਤੂ ਵਾਚਕ ਨਾਂਵ।
8. **ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲ਼ੀਆਂ ਵਸਤੂਆਂ ਦਾ ਬੋਧ ਕਰਾਉਣ ਵਾਲ਼ੇ ਸ਼ਬਦ ਹੁੰਦੇ ਹਨ :**
   ੳ. ਆਮ ਨਾਂਵ — ਅ. ਖ਼ਾਸ ਨਾਂਵ
   ੲ. ਇਕੱਠ ਵਾਚਕ ਨਾਂਵ — ਸ. ਵਸਤੂ ਵਾਚਕ ਨਾਂਵ।
9. **ਵਿਅਕਤੀਆਂ, ਜੀਵਾਂ ਜਾਂ ਗਿਣੀਆਂ ਜਾਣ ਵਾਲ਼ੀਆਂ ਵਸਤੂਆਂ ਦੇ ਸਮੂਹ ਦਾ ਬੋਧ ਕਰਾਉਣ ਵਾਲ਼ੇ ਸ਼ਬਦ ਹੁੰਦੇ ਹਨ:**
   ੳ. ਆਮ ਨਾਂਵ — ਅ. ਖ਼ਾਸ ਨਾਂਵ
   ੲ. ਇਕੱਠ ਵਾਚਕ ਨਾਂਵ — ਸ. ਵਸਤੂ ਵਾਚਕ ਨਾਂਵ।
10. **ਹੇਠ ਲਿਖਿਆਂ ਵਿੱਚੋਂ ਨਾਂਵ ਸ਼ਬਦ ਕਿਹੜਾ ਹੈ?**
    ੳ. ਗੁਰੂ ਅਰਜਨ ਦੇਵ ਜੀ — ਅ. ਸੱਚ
    ੲ. ੳ ਅਤੇ ਅ ਦੋਵੇਂ ਸਹੀ — ਸ. ਆਪ।
11. **ਹੇਠ ਲਿਖਿਆਂ ਵਿੱਚੋਂ ਨਾਂਵ ਸ਼ਬਦ ਕਿਹੜਾ ਹੈ?**
    ੳ. ਸਾਡੀਆਂ — ਅ. ਸਕਦੇ
    ੲ. ਕਿੰਨਾ — ਸ. ਸੁਖਮਨੀ ਸਾਹਿਬ।
12. **ਹੇਠ ਲਿਖਿਆਂ ਵਿੱਚੋਂ 'ਭਾਵ-ਵਾਚਕ ਨਾਂਵ' ਕਿਹੜਾ ਹੈ?**
    ੳ. ਮਿਠਾਸ — ਅ. ਕੱਟਾ
    ੲ. ਸੋਟੀਆਂ — ਸ. ਦੁੱਧ।
13. **ਹੇਠ ਲਿਖਿਆਂ ਵਿੱਚੋਂ ਨਾਂਵ ਸ਼ਬਦ ਕਿਹੜਾ ਹੈ?**
    ੳ. ਕਿਉਂਕਿ — ਅ. ਨਾਂਹ
    ੲ. ਬਾਬਲ — ਸ. ਉਹ।
14. **ਨਾਂਵ ਦੀ ਥਾਂ ਵਰਤੇ ਜਾਣ ਵਾਲ਼ੇ ਸ਼ਬਦ ਹੁੰਦੇ ਹਨ :**

ੳ. ਕਿਰਿਆ ਵਿਸ਼ੇਸ਼ਣ ਅ. ਪੜਨਾਂਵ
ੲ. ਕਿਰਿਆ ਸ. ਵਿਸ਼ੇਸ਼ਣ।

**15.ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?**
ੳ. ਦੋ ਅ. ਤਿੰਨ
ੲ. ਪੰਜ ਸ. ਛੇ।

**16.ਪੁਰਖਾਂ ਦੀ ਥਾਂ ਵਰਤੇ ਜਾਣ ਵਾਲ਼ੇ ਸ਼ਬਦ ਹੁੰਦੇ ਹਨ :**
ੳ. ਪੁਰਖ-ਵਾਚਕ ਪੜਨਾਂਵ ਅ. ਨਿੱਜ-ਵਾਚਕ ਪੜਨਾਂਵ
ੲ. ਨਿਸ਼ਚੇ-ਵਾਚਕ ਪੜਨਾਂਵ ਸ. ਸੰਬੰਧ-ਵਾਚਕ ਪੜਨਾਂਵ।

**17.ਪੁਰਖ-ਵਾਚਕ ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?**
ੳ. ਦੋ ਅ. ਤਿੰਨ
ੲ. ਚਾਰ ਸ. ਪੰਜ।

**18.ਹੇਠ ਲਿਖਿਆਂ ਵਿੱਚੋਂ ਪੜਨਾਂਵ ਸ਼ਬਦ ਕਿਹੜਾ ਹੈ?**
ੳ. ਅੰਮੜੀ ਅ. ਉਹ
ੲ. ਚੁੱਪ ਸ. ਇਕੱਠੇ।

**19.ਜਿਹੜੇ ਪੜਨਾਂਵ ਯੋਜਕਾਂ ਵਾਂਗ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜਨ, ਉਹਨਾਂ ਨੂੰ ਕਹਿੰਦੇ ਹਨ?**
ੳ. ਪ੍ਰਸ਼ਨ-ਵਾਚਕ ਪੜਨਾਂਵ ਅ. ਸੰਬੰਧ-ਵਾਚਕ ਪੜਨਾਂਵ
ੲ. ਪੁਰਖ-ਵਾਚਕ ਪੜਨਾਂਵ ਸ. ਨਿੱਜ-ਵਾਚਕ ਪੜਨਾਂਵ।

**20.ਹੇਠ ਲਿਖਿਆਂ ਵਿੱਚੋਂ ਪੜਨਾਂਵ ਸ਼ਬਦ ਕਿਹੜਾ ਹੈ?**
ੳ. ਚਾਦਰੇ ਅ. ਗੁਰੂ ਅਮਰਦਾਸ ਜੀ
ੲ. ਤੁਹਾਡੀਆਂ ਸ. ਲੋਕਾਂ।

**21.ਹੇਠ ਲਿਖਿਆਂ ਵਿੱਚੋਂ ਪੜਨਾਂਵ ਸ਼ਬਦ ਕਿਹੜਾ ਹੈ?**
ੳ. ਉਹ ਅ. ਵਿਹਲਾ
ੲ. ਮੁੰਬਈ ਸ. ਫੁੱਲ।

**22.'ਅਸੀਂ ਪਾਠ ਕਰਦੇ ਹਾਂ।' ਵਾਕ ਵਿੱਚੋਂ ਪੜਨਾਂਵ ਸ਼ਬਦ ਕਿਹੜਾ ਹੈ?**
ੳ. ਪਾਠ ਅ. ਅਸੀਂ
ੲ. ਹਾਂ ਸ. ਕਰਦੇ।

**23.ਕਿਸੇ ਭਾਸ਼ਾ ਨੂੰ ਲਿਖਤੀ ਰੂਪ ਵਿੱਚ ਸਰਲ, ਸਪਸ਼ਟ ਅਤੇ ਠੀਕ ਢੰਗ ਨਾਲ਼ ਲਿਖਣ ਲਈ ਜ਼ਰੂਰੀ ਹਨ :**
ੳ. ਵਿਸਰਾਮ-ਚਿੰਨ੍ਹ ਅ. ਖ਼ਾਸ ਨਾਂਵ
ੲ. ਪੜਨਾਂਵ ਸ. ਵਿਸ਼ੇਸ਼ਣ।

**24.ਪੰਜਾਬੀ ਵਿੱਚ ਕਿੰਨੇ ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ?**
ੳ. ਪੰਜ ਅ. ਦਸ
ੲ. ਗਿਆਰਾਂ ਸ. ਤੇਰਾਂ।

**25.ਜੋੜਨੀ ਵਿਸਰਾਮ-ਚਿੰਨ੍ਹ ਕਿਹੜਾ ਹੈ?**
ੳ. (**-**) ਅ. (,)
ੲ. (!) ਸ. (?)

**26.ਸਧਾਰਨ ਵਾਕ ਦੇ ਅੰਤ ਵਿੱਚ ਕਿਹੜਾ ਵਿਸਰਾਮ-ਚਿੰਨ੍ਹ ਲੱਗਦਾ ਹੈ?**
ੳ. (**-**) ਅ. (**,**)
ੲ. (**।**) ਸ. (?)

**27.ਹੇਠਾਂ ਦਿੱਤੇ ਚਿੰਨ੍ਹਾਂ ਵਿੱਚੋਂ ਪ੍ਰਸ਼ਨ-ਵਾਚਕ ਚਿੰਨ੍ਹ ਚੁਣੋ :**
ੳ. (-) ਅ. (,)
ੲ. (।) ਸ. (?)

**28.ਗਦ-ਗਦ ਸ਼ਬਦ ਵਿੱਚ ਕਿਹੜਾ ਵਿਸਰਾਮ-ਚਿੰਨ੍ਹ ਲੱਗਿਆ ਹੈ?**

ੳ. ਪ੍ਰਸ਼ਨ-ਚਿੰਨ੍ਹ ਅ. ਅਰਧ ਵਿਸਰਾਮ-ਚਿੰਨ੍ਹ
ੲ. ਜੋੜਨੀ ਸ. ਕਾਮਾ।

**29. ਕਿਸੇ ਸ਼ਬਦ ਦੇ ਵਿਰੋਧੀ ਅਰਥਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦ ਹੁੰਦੇ ਹਨ :**
ੳ. ਵਿਰੋਧਾਰਥਕ ਸ਼ਬਦ ਅ. ਸਮਾਨਾਰਥਕ ਸ਼ਬਦ
ੲ. ਬਹੁਅਰਥਕ ਸ਼ਬਦ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**30. 'ਏਕਤਾ' ਦਾ ਸਹੀ ਵਿਰੋਧੀ ਸ਼ਬਦ ਹੈ :**
ੳ. ਫੁੱਟ ਅ. ਨਿਮਰਤਾ
ੲ. ਵਿਸਤਾਰ ਸ. ਪ੍ਰਗਟ।

**31. 'ਅੰਨ੍ਹਾ' ਦਾ ਸਹੀ ਵਿਰੋਧੀ ਸ਼ਬਦ ਹੈ :**
ੳ. ਕਾਨਾ ਅ. ਸੁਜਾਖਾ
ੲ. ਸਿੱਧਾ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**32. 'ਥਰ-ਥਰ ਕੰਬਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :**
ੳ. ਠੰਢ ਲੱਗਣੀ ਅ. ਬਹੁਤ ਡਰਨਾ
ੲ. ਨੱਚਣਾ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**33. 'ਨੱਕ ਰਗੜਨਾ' ਮੁਹਾਵਰੇ ਦਾ ਸਹੀ ਅਰਥ ਚੁਣੋ :**
ੳ. ਤਰਲੇ ਮਾਰਨੇ ਅ. ਨੱਕ ਸਾਫ਼ ਕਰਨਾ
ੲ. ੳ ਅਤੇ ਅ ਦੋਵੇਂ ਸਹੀ ਸ. ਉਪਰੋਕਤ ਵਿੱਚੋਂ ਕੋਈ ਨਹੀਂ ।

**34. ਕਿਸੇ ਕੰਮ ਦਾ ਕਰਨਾ ਜਾਂ ਹੋਣਾ, ਕਾਲ ਸਹਿਤ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਕੀ ਕਹਿੰਦੇ ਹਨ?**
ੳ. ਨਾਂਵ ਅ. ਪੜਨਾਂਵ
ੲ. ਕਿਰਿਆ ਸ. ਵਿਸ਼ੇਸ਼ਣ।

**35. ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹਨ?**
ੳ. ਦੋ ਅ. ਤਿੰਨ
ੲ. ਪੰਜ ਸ. ਛੇ।

**36. 'ਅਸੀਂ ਕੱਲ੍ਹ ਮੇਲੇ ਗਏ।' ਵਾਕ ਵਿੱਚ ਕਿਰਿਆ ਸ਼ਬਦ ਚੁਣੋ :**
ੳ. ਕੱਲ੍ਹ ਅ. ਅਸੀਂ
ੲ. ਗਏ ਸ. ਮੇਲੇ।

**37. 'ਸ਼ੇਖ਼ ਫ਼ਰੀਦ ਜੀ ਨੇ ਸਾਰੇ ਮਨੁੱਖਾਂ ਨੂੰ ਪ੍ਰੇਮ-ਪਿਆਰ ਦਾ ਸਬਕ ਸਿਖਾਇਆ।' ਵਾਕ ਵਿੱਚੋਂ ਕਿਰਿਆ ਸ਼ਬਦ ਚੁਣੋ?**
ੳ. ਸ਼ੇਖ਼ ਫ਼ਰੀਦ ਜੀ ਅ. ਸਬਕ
ੲ. ਪ੍ਰੇਮ-ਪਿਆਰ ਸ. ਸਿਖਾਇਆ।

**38. ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਆ ਕੇ ਉਸਦੀ ਵਿਸ਼ੇਸ਼ਤਾ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਕੀ ਕਹਿੰਦੇ ਹਨ?**
ੳ. ਨਾਂਵ ਅ. ਪੜਨਾਂਵ
ੲ. ਕਿਰਿਆ ਸ. ਵਿਸ਼ੇਸ਼ਣ।

**39. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?**
ੳ. ਦੋ ਅ. ਤਿੰਨ
ੲ. ਪੰਜ ਸ. ਛੇ।

**40. 'ਗੀਤਾ ਸਿਆਣੀ ਕੁੜੀ ਹੈ।' ਵਾਕ ਵਿੱਚੋਂ ਵਿਸ਼ੇਸ਼ਣ ਚੁਣੋ?**
ੳ. ਗੀਤਾ ਅ. ਸਿਆਣੀ
ੲ. ਕੁੜੀ ਸ. ਹੈ।

**41. ਜਿਸ ਸ਼ਬਦ ਦਾ ਅਰਥ ਇੱਕ ਤੋਂ ਵਧੇਰੇ ਸ਼ਬਦਾਂ ਵਿੱਚ ਜਾਂ ਪੂਰੇ ਵਾਕ ਵਿੱਚ ਸਪਸ਼ਟ ਹੋਵੇ, ਉਸ ਨੂੰ ਕੀ ਕਹਿੰਦੇ ਹਨ?**
ੳ. ਸਮਾਨਾਰਥਕ ਸ਼ਬਦ ਅ. ਬਹੁਅਰਥਕ ਸ਼ਬਦ
ੲ. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਸ. ਵਿਰੋਧਾਰਥਕ ਸ਼ਬਦ।

**42.'ਉਹ ਥਾਂ ਜੋ ਸਭ ਦੀ ਸਾਂਝੀ ਹੋਵੇ' ਦੀ ਥਾਂ ਸਹੀ ਇੱਕ ਸ਼ਬਦ ਹੋਵੇਗਾ:**

ੳ. ਅਖਾੜਾ ਅ. ਸ਼ਾਮਲਾਟ

ੲ. ਤਬੇਲਾ ਸ. ਟਕਸਾਲ।

**43.'ਪੈਰਾਂ ਹੇਠੋਂ ਜ਼ਮੀਨ ਖਿਸਕਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :**

ੳ. ਭੁਚਾਲ਼ ਆਉਣਾ ਅ. ਬੜਾ ਘਬਰਾ ਜਾਣਾ

ੲ. ਡਿੱਗ ਜਾਣਾ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**44.'ਫੁੱਲੇ ਨਾ ਸਮਾਉਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :**

ੳ. ਬਹੁਤ ਖ਼ੁਸ਼ ਹੋਣਾ ਅ. ਬਹੁਤ ਦੁਖੀ ਹੋਣਾ

ੲ. ਉਦਾਸ ਹੋਣਾ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**45.'ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ' ਅਖਾਣ ਕਿਸ ਲਈ ਵਰਤਿਆ ਜਾਂਦਾ?**

ੳ. ਨਿਕੰਮੇ ਆਦਮੀ ਲਈ ਅ. ਜਿਹੜਾ ਗੱਲਾਂ ਬਹੁਤ ਕਰੇ ਪਰ ਕੰਮ ਕੋਈ ਨਾ ਕਰ ਸਕੇ

ੲ. ਚਲਾਕ ਆਦਮੀ ਲਈ ਸ. ੳ ਅਤੇ ਅ ਦੋਵੇਂ ਸਹੀ।

**46.ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਉਸ ਨੂੰ ਕੀ ਕਹਿੰਦੇ ਹਨ?**

ੳ. ਪੜਨਾਂਵ ਅ. ਵਚਨ

ੲ. ਲਿੰਗ ਸ. ਵਿਸ਼ੇਸ਼ਣ।

**47.'ਨੌਕਰ' ਦਾ ਸਹੀ ਪੁਲਿੰਗ ਸ਼ਬਦ ਹੋਵੇਗਾ:**

ੳ. ਮਾਲਕ ਅ. ਨੌਕਰਾਣੀ

ੲ. ਨੌਕਰੀ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**48.ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ, ਢੰਗ, ਤਰੀਕਾ ਦੱਸਣ ਵਾਲ਼ੇ ਸ਼ਬਦ ਕੀ ਹੁੰਦੇ ਹਨ?**

ੳ. ਕਿਰਿਆ ਅ. ਪੜਨਾਂਵ

ੲ. ਕਿਰਿਆ-ਵਿਸ਼ੇਸ਼ਣ ਸ. ਵਿਸ਼ੇਸ਼ਣ।

**49.ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?**

ੳ. ਦੋ ਅ. ਪੰਜ

ੲ. ਛੇ ਸ. ਅੱਠ।

**50.'ਸੀਤਾ ਬਹੁਤ ਸੁਰੀਲਾ ਗਾਉਂਦੀ ਹੈ।' ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ?**

ੳ. ਸੀਤਾ ਅ. ਸੁਰੀਲਾ

ੲ. ਗਾਉਂਦੀ ਸ. ਹੈ।

**51.ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦਾਂ ਦਾ ਵਾਕ ਦੇ ਦੂਜੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰਨ ਵਾਲ਼ੇ ਸ਼ਬਦ ਹੁੰਦੇ ਹਨ:**

ੳ. ਕਿਰਿਆ ਅ. ਵਿਸ਼ੇਸ਼ਣ

ੲ. ਕਿਰਿਆ-ਵਿਸ਼ੇਸ਼ਣ ਸ. ਸੰਬੰਧਕ।

**52.'ਸੰਬੰਧਕ' ਦੀਆਂ ਕਿੰਨੀਆਂ ਕਿਸਮਾਂ ਹਨ?**

ੳ. ਦੋ ਅ. ਪੰਜ

ੲ. ਛੇ ਸ. ਅੱਠ।

**53.'ਸੀਤਾ ਦੇ ਵਾਲ਼ ਬਹੁਤ ਲੰਮੇ ਹਨ।' ਵਾਕ ਵਿੱਚੋਂ ਸੰਬੰਧਕ ਚੁਣੋ:**

ੳ. ਸੀਤਾ ਅ. ਦੇ

ੲ. ਵਾਲ਼ ਸ. ਲੰਮੇ ਹਨ।

**54.ਬੀਤ ਚੁਕੇ ਸਮੇਂ ਦਾ ਗਿਆਨ ਕਰਵਾਉਣ ਵਾਲ਼ੀ ਕਿਰਿਆ ਨੂੰ ਕਿਹਾ ਜਾਂਦਾ:**

ੳ. ਭੂਤ ਕਾਲ ਅ. ਵਰਤਮਾਨ ਕਾਲ

ੲ. ਭਵਿੱਖਤ ਕਾਲ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**55.'ਬੱਚਾ ਪਤੰਗ ਉਡਾਉਂਦਾ ਹੈ।' ਵਾਕ ਕਿਹੜੇ ਕਾਲ ਨਾਲ਼ ਸੰਬੰਧ ਰੱਖਦਾ ਹੈ?**

ੳ. ਭੂਤ ਕਾਲ
ਅ. ਵਰਤਮਾਨ ਕਾਲ
ੲ. ਭਵਿੱਖਤ ਕਾਲ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**56.'ਜ਼ਿਲ੍ਹਾ ਸਿੱਖਿਆ ਅਫ਼ਸਰ ਸਕੂਲ ਦੀ ਚੈਕਿੰਗ ਕਰਨਗੇ।' ਵਾਕ ਕਿਹੜੇ ਕਾਲ ਨਾਲ਼ ਸੰਬੰਧ ਰੱਖਦਾ ਹੈ?**

ੳ. ਭੂਤ ਕਾਲ
ਅ. ਵਰਤਮਾਨ ਕਾਲ
ੲ. ਭਵਿੱਖਤ ਕਾਲ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**57.ਵੱਖ-ਵੱਖ ਹੁੰਦੇ ਹੋਏ ਵੀ ਇੱਕ ਹੀ ਅਰਥ ਪ੍ਰਗਟ ਕਰਨ ਵਾਲ਼ੇ ਸ਼ਬਦਾਂ ਨੂੰ ਕੀ ਕਹਿੰਦੇ ਹਨ?**

ੳ. ਬਹੁਅਰਥਕ ਸ਼ਬਦ
ਅ. ਸਮਾਨਾਰਥਕ ਸ਼ਬਦ
ੲ. ਵਿਰੋਧਾਰਥਕ ਸ਼ਬਦ
ਸ. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ।

**58.'ਤਰੱਕੀ' ਸ਼ਬਦ ਦਾ ਸਮਾਨਾਰਥਕ ਸ਼ਬਦ ਹੈ:**

ੳ. ਵਿਕਾਸ
ਅ. ਉੱਨਤੀ
ੲ. ਖ਼ੁਸ਼ਹਾਲੀ
ਸ. ਉਪਰੋਕਤ ਸਾਰੇ।

**59.'ਪ੍ਰਸੰਸਾ' ਸ਼ਬਦ ਦਾ ਸਮਾਨਾਰਥਕ ਸ਼ਬਦ ਹੈ:**

ੳ. ਸ਼ਲਾਘਾ
ਅ. ਉਪਮਾ
ੲ. ਵਡਿਆਈ
ਸ. ਉਪਰੋਕਤ ਸਾਰੇ।

**60.'ਰੰਗ ਉੱਡ ਜਾਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :**

ੳ. ਖ਼ੂਨ ਦੀ ਕਮੀ ਹੋਣਾ
ਅ. ਖ਼ੂਨ ਸਫ਼ੈਦ ਹੋਣਾ
ੲ. ਘਬਰਾ ਜਾਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**61.'ਵਾਲ਼ ਵਿੰਗਾ ਨਾ ਹੋਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :**

ੳ. ਕੋਈ ਨੁਕਸਾਨ ਨਾ ਹੋਣਾ
ਅ. ਬਹੁਤ ਨੁਕਸਾਨ ਹੋਣਾ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**62.ਸ਼ਬਦ ਦੇ ਜਿਸ ਰੂਪ ਤੋਂ ਜੀਵ, ਵਸਤੂ, ਸਥਾਨ ਆਦਿ ਦੀ ਗਿਣਤੀ ਦਾ ਇੱਕ ਜਾਂ ਇੱਕ ਤੋਂ ਵੱਧ ਹੋਣ ਦਾ ਪਤਾ ਲੱਗੇ, ਉਸ ਨੂੰ ਕੀ ਕਹਿੰਦੇ ਹਨ?**

ੳ. ਪੜਨਾਂਵ
ਅ. ਵਚਨ
ੲ. ਲਿੰਗ
ਸ. ਵਿਸ਼ੇਸ਼ਣ।

**63.'ਘੋੜਾ' ਸ਼ਬਦ ਦਾ ਸਹੀ ਬਹੁਵਚਨ ਸ਼ਬਦ ਹੋਵੇਗਾ:**

ੳ. ਘੋੜੀ
ਅ. ਘੋੜੇ
ੲ. ਘੋੜੀਆਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**64.ਵਾਕ ਵਿੱਚ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜਨ ਵਾਲ਼ੇ ਸ਼ਬਦ ਹੁੰਦੇ ਹਨ:**

ੳ. ਕਿਰਿਆ
ਅ. ਸੰਬੰਧਕ
ੲ. ਕਿਰਿਆ-ਵਿਸ਼ੇਸ਼ਣ
ਸ. ਯੋਜਕ।

**65.'ਯੋਜਕ' ਦੀਆਂ ਕਿੰਨੀਆਂ ਕਿਸਮਾਂ ਹਨ?**

ੳ. ਦੋ
ਅ. ਪੰਜ
ੲ. ਛੇ
ਸ. ਅੱਠ।

**66.'ਸੀਤਾ ਗ਼ਰੀਬ ਹੈ ਪਰ ਉਹ ਬੇਈਮਾਨ ਨਹੀਂ।' ਵਾਕ ਵਿੱਚੋਂ ਯੋਜਕ ਚੁਣੋ:**

ੳ. ਸੀਤਾ
ਅ. ਗ਼ਰੀਬ
ੲ. ਪਰ
ਸ. ਬੇਈਮਾਨ।

**67.ਖ਼ੁਸ਼ੀ, ਗ਼ਮੀ, ਹੈਰਾਨੀ, ਡਰ, ਪ੍ਰਸੰਸਾ ਆਦਿ ਦੇ ਭਾਵ ਪ੍ਰਗਟ ਕਰਨ ਵਾਲ਼ੇ ਸ਼ਬਦ ਹੁੰਦੇ ਹਨ:**

ੳ. ਸੰਬੰਧਕ
ਅ. ਵਿਸ਼ੇਸ਼ਣ
ੲ. ਕਿਰਿਆ-ਵਿਸ਼ੇਸ਼ਣ
ਸ. ਵਿਸਮਕ।

**68.'ਵਿਸਮਕ' ਦੀਆਂ ਕਿੰਨੀਆਂ ਕਿਸਮਾਂ ਹਨ?**

ੳ. ਦੋ
ਅ. ਪੰਜ
ੲ. ਨੌਂ
ਸ. ਅੱਠ।

**69.ਖ਼ਬਰਦਾਰ! ਅੱਗੇ ਨਾ ਜਾਈਂ।' ਵਾਕ ਵਿੱਚੋਂ ਵਿਸਮਕ ਸ਼ਬਦ ਲੱਭੋ?**

ੳ. ਖ਼ਬਰਦਾਰ! ਅ. ਅੱਗੇ

ੲ. ਨਾ ਸ. ਜਾਈਂ।

**70.ਹੇਠ ਲਿਖਿਆਂ ਵਿੱਚੋਂ ਸਹੀ ਸ਼ਬਦ-ਜੋੜ ਲੱਭੋ?**

ੳ. ਪੁਜ਼ਿਸ਼ਨ ਅ. ਪੁਜ਼ਸਿਨ

ੲ. ਪੁਜ਼ੀਸ਼ਨ ਸ. ਪੁਜ਼ੀਸੀਨ।

**71.ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਅਰਥ ਪੱਖੋਂ ਠੀਕ ਨਹੀਂ ਹੈ?**

ੳ. ਪੁਰਸਕਾਰ ਅ. ਰਾਜਧਾਨੀ

ੲ. ਸਟਾਡੀਅਮ ਸ. ਮੁਲਾਕਾਤ।

**72.ਹੇਠ ਲਿਖਿਆਂ ਵਿੱਚੋਂ ਸਹੀ ਸ਼ਬਦ-ਜੋੜ ਲੱਭੋ?**

ੳ. ਮੇਹਨਤ ਅ. ਮਹੇਨਤ

ੲ. ਮਿਹਨਤ ਸ. ਮੀਹਨਤ।

**73.ਹੇਠ ਲਿਖਿਆਂ ਵਿੱਚੋਂ ਸਹੀ ਸ਼ਬਦ-ਜੋੜ ਲੱਭੋ?**

ੳ. ਦੁਪੈਹਰ ਅ. ਦੁਪਹਿਰ

ੲ. ਦੋਪਹਿਰ ਸ. ਦੁਪਿਹਰ।

**74.ਉਹ ਸ਼ਬਦ ਜਿਨ੍ਹਾਂ ਦੇ ਵੱਖ-ਵੱਖ ਪ੍ਰਸੰਗਾਂ ਵਿੱਚ ਵਰਤਣ ਨਾਲ਼ ਵੱਖਰਾ ਭਾਵ ਪ੍ਰਗਟ ਹੁੰਦਾ ਹੈ, ਉਹਨਾਂ ਨੂੰ ਕਹਿੰਦੇ ਹਨ:**

ੳ. ਸਮਾਨਾਰਥਕ ਸ਼ਬਦ ਅ. ਬਹੁਅਰਥਕ ਸ਼ਬਦ

ੲ. ਵਿਰੋਧਾਰਥਕ ਸ਼ਬਦ ਸ. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ।

**75.'ਉੱਤਰ' ਸ਼ਬਦ ਦੇ ਬਹੁ-ਅਰਥਕ ਸ਼ਬਦ ਹੋਣਗੇ:**

ੳ. ਜਵਾਬ ਅ. ਸਰੀਰਕ ਜੋੜ ਦਾ ਉੱਤਰਨਾ

ੲ. ਦਿਸ਼ਾ ਸ. ਉਪਰੋਕਤ ਸਾਰੇ।

**76.'ਗੁੱਡੀ ਚੜ੍ਹਨੀ' ਮੁਹਾਵਰੇ ਦਾ ਸਹੀ ਅਰਥ ਚੁਣੋ :**

ੳ. ਪਤੰਗ ਉਡਾਉਣਾ ਅ. ਪ੍ਰਸਿੱਧੀ ਹੋਣੀ

ੲ. ੳ ਅਤੇ ਅ ਦੋਵੇਂ ਸਹੀ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**77. 'ਢਿੱਡ ਵਿੱਚ ਚੂਹੇ ਨੱਚਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :**

ੳ. ਅਚਾਨਕ ਡਰ ਜਾਣਾ ਅ. ਬਹੁਤ ਬੇਚੈਨ ਹੋਣਾ

ੲ. ਬਹੁਤ ਭੁੱਖ ਲੱਗਣਾ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**78.'ਮੱਖੀ 'ਤੇ ਮੱਖੀ ਮਾਰਨੀ' ਮੁਹਾਵਰੇ ਦਾ ਸਹੀ ਅਰਥ ਚੁਣੋ :**

ੳ. ਮੱਖੀਆਂ ਮਾਰਨੀਆਂ ਅ. ਬੇਅਕਲੀ ਨਾਲ਼ ਨਕਲ ਕਰਨੀ

ੲ. ਵਿਹਲੇ ਰਹਿਣਾ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**79.'ਅਸਮਾਨ ਤੋਂ ਡਿਗੀ ਖਜੂਰ 'ਤੇ ਅਟਕੀ' ਅਖਾਣ ਕਦੋਂ ਵਰਤਿਆ ਜਾਂਦਾ?**

ੳ. ਇੱਕ ਮੁਸੀਬਤ ਵਿੱਚੋਂ ਨਿਕਲ਼ ਕੇ ਦੂਜੀ ਮੁਸੀਬਤ ਵਿੱਚ ਫਸ ਜਾਣਾ

ਅ. ਆਪਣਾ ਕੰਮ ਨਾ ਹੋਵੇ ਤੇ ਦੂਜੇ ਦਾ ਨੁਕਸਾਨ ਹੋ ਜਾਵੇ

ੲ. ਕੋਈ ਕੰਮ ਨਾ ਕਰਨਾ

ਸ. ੳ ਅਤੇ ਅ ਦੋਵੇਂ ਸਹੀ।

**80.'ਕੁੱਛੜ ਕੁੜੀ ਸ਼ਹਿਰ ਢੰਡੋਰਾ' ਅਖਾਣ ਕਦੋਂ ਵਰਤਿਆ ਜਾਂਦਾ?**

ੳ. ਜਾਣਬੁੱਝ ਕੇ ਝੂਠ ਬੋਲਣਾ ਅ. ਚੀਜ਼ ਆਪਣੇ ਕੋਲ਼ ਹੋਣੀ ਤੇ ਲੱਭਣੀ ਕਿਤੋਂ ਹੋਰ

ੲ. ਕਾਹਲ਼ੀ ਨਾਲ਼ ਸਾਰਾ ਕੰਮ ਖ਼ਰਾਬ ਕਰ ਦੇਣਾ ਸ. ਨਿਆਂ ਕਰਨ ਵੇਲ਼ੇ।

**81.'ਸਿਮਰਤੀ' ਸ਼ਬਦ ਤੋਂ ਕੀ ਭਾਵ ਹੈ?**

ੳ. ਯਾਦ ਅ. ਨੇਜਾ

ੲ. ਸੋਟੀ ਸ. ਤਲਵਾਰ।

**82. 'ਲੋਹੜਾ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ-**

ੳ. ਕਹਿਰ
ਅ. ਗ਼ਜ਼ਬ
ੲ. ਜ਼ਿਆਦਤੀ
ਸ. ਉਪਰੋਕਤ ਸਾਰੇ।

**83. 'ਖੇੜਾ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ–**

ੳ. ਗੁਆਚਿਆ
ਅ. ਖ਼ੁਸ਼ੀ
ੲ. ਖੇਡਣਾ
ਸ. ਘੁੰਮਣਾ।

**84. 'ਸਦੀ' ਸ਼ਬਦ ਦਾ ਸਹੀ ਅਰਥ ਕੀ ਹੈ?**

ੳ. ਦਸ ਸਾਲ
ਅ. ਪੰਜਾਹ ਸਾਲ
ੲ. ਸੌ ਸਾਲ
ਸ. ਹਜ਼ਾਰ ਸਾਲ।

**ਯਾਦ ਰੱਖਣ ਯੋਗ**

- ਜਿਸ ਅੱਖਰ ਉੱਪਰ ਅਧਕ ਲੱਗਾ ਹੋਵੇ ਉਸ ਤੋਂ ਅਗਲੇ ਅੱਖਰ ਦੀ ਅਵਾਜ਼ ਦੂਹਰੀ ਹੋ ਜਾਂਦੀ ਹੈ।
- ੳ ਨਾਲ਼ ਹਮੇਸ਼ਾਂ ਬਿੰਦੀ ਲਗਾਖਰ ਦੀ ਵਰਤੋਂ ਕੀਤੀ ਜਾਂਦੀ ਹੈ। (ਉਂਗਲ, ਇਉਂ, ਕਿਉਂ, ਊਂਘ ਆਦਿ।)
- ਅੱਖਰ ਛੱਡਣ ਲਈ ਛੁੱਟ ਮਰੋੜੀ (') ਦੀ ਵਰਤੋਂ ਕੀਤੀ ਜਾਂਦੀ ਹੈ : 'ਚੋਂ (ਵਿੱਚੋਂ), 'ਤੇ (ਉੱਤੇ) ਆਦਿ।
- ਸਮਾਸੀ ਸ਼ਬਦਾਂ ਵਿੱਚ ਜੋੜਨੀ ਦੀ ਵਰਤੋਂ ਹੁੰਦੀ ਹੈ ਦੁੱਖ-ਸੁੱਖ, ਊਚ-ਨੀਚ, ਭੇਦ-ਭਾਵ ਆਦਿ।
- ਥੋੜ੍ਹੇ ਠਹਿਰਾਓ ਨੂੰ ਦੱਸਣ ਲਈ ਕਾਮੇ (,) ਦੀ ਵਰਤੋਂ ਕੀਤੀ ਜਾਂਦੀ ਹੈ।
- ਕਿਸੇ ਦੀ ਆਖੀ ਹੋਈ ਗੱਲ ਨੂੰ ਲਿਖਣ ਲਈ ਪੁੱਠੇ ਕਾਮੇ (" ") ਵਰਤੇ ਜਾਂਦੇ ਹਨ।
- ਇੱਕੋ ਜਿਹੇ ਅਰਥਾਂ ਵਾਲੇ ਸ਼ਬਦਾਂ ਨੂੰ, ਸਮਾਨਾਰਥਕ ਆਖਿਆ ਜਾਂਦਾ ਹੈ।
- ਇੱਕ ਤੋਂ ਵੱਧ ਅਰਥਾਂ ਵਾਲ਼ੇ ਸ਼ਬਦਾਂ ਨੂੰ, ਬਹੁ ਅਰਥਕ ਸ਼ਬਦ ਆਖਿਆ ਜਾਂਦਾ ਹੈ।
- ਕਰਮ ਸਮੇਤ ਕਿਰਿਆ ਸਕਰਮਕ ਕਿਰਿਆ ਹੁੰਦੀ ਹੈ।
- ਕਿਰਿਆ ਦੇ ਹੋਣ ਦੇ ਦੁਹਰਾਓ ਨੂੰ, ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ ਆਖਦੇ ਹਨ।
- ਪੁਰਖ ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ।
- ਬਿਨਾਂ ਕਰਮ ਜਾਂ ਚੀਜ਼ ਤੋਂ ਕਿਰਿਆ ਅਕਰਮਕ ਕਿਰਿਆ ਹੁੰਦੀ ਹੈ।
- ਸੰਬੰਧਕ, ਨਾਂਵ ਅਤੇ ਪੜਨਾਂਵ ਦੇ ਸੰਬੰਧ ਵਾਕ ਦੇ ਦੂਜੇ ਸ਼ਬਦਾਂ ਨਾਲ਼ ਜੋੜਦੇ ਹਨ।
- ਗੁਣ-ਵਾਚਕ ਵਿਸ਼ੇਸ਼ਣ - ਸੋਹਣਾ, ਅਨਪੜ੍ਹ, ਨਵਾਂ, ਪੇਂਡੂ, ਉੱਚਾ, ਲੰਮਾ ਆਦਿ।
- ਸੰਖਿਆ-ਵਾਚਕ ਵਿਸ਼ੇਸ਼ਣ - ਦੋ, ਤਿੰਨ, ਪੰਜ, ਇੱਕ, ਦਸਵਾਂ ਆਦਿ।
- ਪੰਜਾਬੀ ਵਿੱਚ ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ।
- ਧੁਨੀ ਨੂੰ ਉਚਾਰਨ ਵਿੱਚ ਲੱਗੇ ਸਮੇਂ ਨੂੰ ਲਗਾਂ ਮਾਤਰਾ ਆਖਿਆ ਜਾਂਦਾ ਹੈ।
- 'ਵਿਸ਼ੇਸ਼ਣ' ਨਾਂਵ ਅਤੇ ਪੜਨਾਂਵ ਦੇ ਗੁਣ, ਔਗੁਣ ਦੱਸਦਾ ਹੈ।
- ਜਿਹੜੇ ਸ਼ਬਦ ਤੋਂ ਕੰਮ ਦੇ ਹੋਣ ਬਾਰੇ ਪਤਾ ਲੱਗੇ, ਉਸ ਨੂੰ ਕਿਰਿਆ ਆਖਿਆ ਜਾਂਦਾ ਹੈ।
- ਪ੍ਰਸ਼ਨ ਪੁੱਛਣ ਦੇ ਲਈ ਵਰਤਿਆ ਗਿਆ ਚਿੰਨ੍ਹ ਪ੍ਰਸ਼ਨ-ਚਿੰਨ੍ਹ (?) ਕਹਾਉਂਦਾ ਹੈ।
- ਜਿਹੜੇ ਸ਼ਬਦ ਤੋਂ ਕਿਰਿਆ ਦੇ ਸਥਾਨ ਬਾਰੇ ਪਤਾ ਲੱਗੇ, ਉਸ ਨੂੰ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ।
- ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਲਈ ਵਰਤੇ ਗਏ ਸ਼ਬਦ ਨੂੰ ਵਿਸਮਿਕ ਆਖਿਆ ਜਾਂਦਾ ਹੈ।
- ਨਾਂਵ ਦੀ ਜਗ੍ਹਾ ਵਰਤੇ ਗਏ ਸ਼ਬਦ ਨੂੰ ਪੜਨਾਂਵ ਆਖਿਆ ਜਾਂਦਾ ਹੈ।
- ਵਸਤੂ-ਵਾਚਕ ਨਾਂਵ ਤੋਲਣ ਅਤੇ ਨਾਪਣ ਵਾਲ਼ੀਆਂ ਚੀਜ਼ਾਂ ਬਾਰੇ ਦੱਸਦੇ ਹਨ।
- ਮਹਿਸੂਸ ਕੀਤੀਆਂ ਜਾਣ ਵਾਲ਼ੀਆਂ ਚੀਜ਼ਾਂ ਲਈ ਵਰਤੇ ਗਏ ਸ਼ਬਦਾਂ ਨੂੰ ਭਾਵ-ਵਾਚਕ ਨਾਂਵ ਆਖਿਆ ਜਾਂਦਾ ਹੈ।
- ਗਿਣਨਯੋਗ ਵਸਤੂਆਂ ਦੇ ਇਕੱਠ ਲਈ ਵਰਤੇ ਜਾਂਦੇ ਸ਼ਬਦਾਂ ਨੂੰ ਇਕੱਠ-ਵਾਚਕ ਨਾਂਵ ਆਖਿਆ ਜਾਂਦਾ ਹੈ।
- ਜਿਨ੍ਹਾਂ ਧੁਨੀਆਂ ਨੂੰ ਉਚਾਰਨ ਸਮੇਂ ਉਚਾਰਨ ਅੰਗ ਥੋੜ੍ਹੀ-ਬਹੁਤ ਰੁਕਾਵਟ ਪਾਉਂਦੇ ਹਨ, ਨੂੰ ਵਿਅੰਜਨ ਕਿਹਾ ਜਾਂਦਾ ਹੈ। (ਸ ਤੋਂ ਲ਼)